## ਸਹਿਕਾਰਤਾ ਵਿਭਾਗ, ਪੰਜਾਬ ਸਰਕਾਰ ਦੀ ਸਲਾਨਾ ਪ੍ਰਬੰਧਕੀ ਰਿਪੋਰਟ ਬਾਬਤ ਸਾਲ 2015-16

**ਸਾਲਾਨਾ ਪ੍ਰਬੰਧਕੀ ਰਿਪੋਰਟ ਵਿੱਚ ਹੇਠ ਲਿਖੇ ਸੈਕਸ਼ਨਾਂ ਨੂੰ ਸ਼ਾਮਲ ਕੀਤਾ ਜਾਵੇ:-**

**ਜਾਣ ਪਛਾਣ :**

ਸਾਲ 1904 ਤੋਂ ਕਿਸਾਨਾਂ ਦੀਆਂ ਕਰਜ਼ੇ ਸਬੰਧੀ ਲੋੜਾਂ ਪੂਰੀਆਂ ਕਰਨ ਅਤੇ ਕਿਸਾਨੀ ਦੇ ਵਿਕਾਸ ਲਈ ਹੋਂਦ ਵਿੱਚ ਆਈ ਸਹਿਕਾਰਤਾ ਲਹਿਰ ਇੱਕ ਸ਼ਤਾਬਦੀ ਦਾ ਸਫਰ ਤਹਿ ਕਰਨ ਉਪਰੰਤ ਅਗਲੀ ਸ਼ਤਾਬਦੀ ਵਿੱਚ ਪ੍ਰਵੇਸ਼ ਕਰ ਚੁੱਕੀ ਹੈ।ਖੇਤੀ ਕਰਜ਼ਿਆਂ ਵਿੱਚ ਇਸ ਲਹਿਰ ਦਾ ਅਹਿਮ ਰੋਲ ਹੈ, ਖਾਦਾਂ ਵੰਡਣ ਵਿੱਚ ਵੀ ਸਹਿਕਾਰਤਾ ਲਹਿਰ ਦਾ ਅਹਿਮ ਰੋਲ ਹੈ। ਅੱਜ ਸਹਿਕਾਰਤਾ ਲਹਿਰ ਹੀ ਹੈ ਜੋ ਕਿ ਸਹਿਕਾਰਤਾ ਵਿਭਾਗ ਦੀ ਖਾਦਾਂ ਵੰਡਣ ਸਬੰਧੀ ਐਸ.ਐਮ.ਐਸ. ਦੇ ਜਰੀਏ ਪਹਿਲਾਂ ਸੂਚਨਾ ਦਿੰਦੀ ਹੈ।ਖੇਤੀ ਮਸ਼ੀਨਰੀ ਨੂੰ ਹਰਮਨ ਪਿਆਰਾ ਬਣਾਉਣ ਲਈ ਖੇਤੀਬਾੜੀ ਵਿਕਾਸ ਬੈਂਕਾਂ ਵੱਲੋਂ ਅਹਿਮ ਰੋਲ ਅਦਾ ਕੀਤਾ ਜਾ ਰਿਹਾ ਹੈ।ਪੰਜਾਬ ਵਿੱਚ ਹਰਾ ਇਨਕਲਾਬ ਲਿਆਉਣ ਵਿੱਚ ਇਨ੍ਹਾਂ ਬੈਂਕਾਂ ਨੇ ਅਹਿਮ ਭੂਮਿਕਾ ਨਿਭਾਈ ਹੈ।

ਸਹਿਕਾਰੀ ਸਭਾਵਾਂ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਦਾ ਘਰੋਗੀ ਅਤੇ ਬਹੁਰਾਸ਼ਟਰੀ ਕੰਪਨੀਆਂ ਦੇ ਨਾਲ ਮੁਕਾਬਲਾ ਹੈ।ਸਹਿਕਾਰੀ ਸਭਾਵਾਂ ਦੇ ਕਾਰੋਬਾਰ ਦੇ ਵਾਧੇ ਲਈ ਨਵੇਂ ਮੌਕੇ ਪ੍ਰਗਟ ਹੋਏ ਹਨ ਅਤੇ ਬਹੁਰਾਸ਼ਟਰੀ ਕੰਪਨੀਆਂ ਨਾਲ ਮੁਕਾਬਲਾ ਕਰਨ ਦਾ ਮੌਕਾ ਵੀ ਮਿਲਿਆ ਹੈ। ਖੇਤੀਬਾੜੀ ਲਈ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ, ਚੀਨੀ, ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਅਤੇ ਤੇਲ ਬੀਜਾਂ ਦੀ ਪੈਦਾਵਾਰ ਅਤੇ ਇਹਨਾਂ ਦੀ ਵੰਡ ਕਰਨ ਵਾਲੇ ਸਹਿਕਾਰੀ ਅਦਾਰਿਆਂ ਅਤੇ ਵੱਖ ਵੱਖ ਕਿਸਮ ਦੀਆਂ ਹੋਰ ਸਹਿਕਾਰੀ ਇਕਾਈਆਂ ਨੇ ਰਾਜ ਦੇ ਬਹੁਤ ਸਾਰੇ ਲੋਕਾਂ ਨੂੰ ਰੋਜ਼ਗਾਰ ਮੁੱਹਈਆਂ ਕਰਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਗੈਰ ਖੇਤੀ ਖੇਤਰ ਦੇ ਕਰਜ਼ਿਆਂ ਨੇ ਲੋਕਾਂ ਨੂੰ ਲਾਭ, ਭਰਪੂਰ ਰੋਜ਼ਗਾਰ ਦੇਣ ਵਿੱਚ ਉਹਨਾਂ ਦੀ ਸਹਾਇਤਾ ਕੀਤੀ ਹੈ।ਇਹ ਅੰਦੋਲਨ ਬਰਾਬਰਤਾ ਦੇ ਸਿਧਾਂਤ ਤੇ ਅਧਾਰਤ ਹੈ, ਜਿਸ ਦੀ ਵਿਸ਼ੇਸ਼ਤਾ ਸ਼ੋਸ਼ਣ ਕਰਨਾ ਨਹੀਂ ਹੈ ਅਤੇ ਹਰ ਇੱਕ ਨੂੰ ਵਿਕਾਸ ਲਈ ਕਾਫੀ ਮੌਕੇ ਮੁਹੱਈਆ ਕਰਾਉਣਾ ਹੈ। ਥੋੜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ, ਕਿ ਅਰਥਚਾਰੇ ਦੇ ਹੋਰ ਖੇਤਰਾਂ ਦੇ ਮੁਕਾਬਲੇ ਸਹਿਕਾਰੀ ਸਭਾਵਾਂ ਲੋਕਾਂ ਨੂੰ ਆਪਣੇ ਜੀਵਨ ਨੂੰ ਉੱਚਾ ਚੁੱਕਣ ਵਿੱਚ ਲੀਹਾਂ ਪ੍ਰਦਾਨ ਕਰਦੀਆਂ ਹਨ। ਪੰਜਾਬ ਰਾਜ ਵਿੱਚ ਸਹਿਕਾਰੀ ਅੰਦੋਲਨ ਨੇ ਰਾਜ ਦੇ ਬਹੁਤ ਸਾਰੇ ਲੋਕਾਂ ਦੇ ਜੀਵਨ ਦੇ ਵਿਕਾਸ ਵਿੱਚ ਕਿਸੇ ਨਾ ਕਿਸੇ ਢੰਗ ਨਾਲ ਯੋਗਦਾਨ ਪਾਇਆ ਹੈ।

1. **ਵਿਭਾਗ ਦਾ ਪ੍ਰਬੰਧਕੀ ਢਾਂਚਾ।**

| ਪ੍ਰਬੰਧਕੀ ਢਾਂਚਾ | |
|---|---|
| ਸਹਿਕਾਰਤਾ ਮੰਤਰੀ | |
| ਅਡੀਸ਼ਨਲ ਚੀਫ ਸੈਕਟਰੀ, ਸਹਿਕਾਰਤਾ | |
| ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ | ਵਿਸ਼ੇਸ਼ ਸਕੱਤਰ, ਸਹਿਕਾਰਤਾ |
| ਮੁੱਖ ਦਫਤਰ ਪੱਧਰ ਦੇ ਅਧਿਕਾਰੀ<br>ਵਧੀਕ ਰਜਿਸਟਰਾਰ (ਪ੍ਰਬੰਧ)<br>ਵਧੀਕ ਰਜਿਸਟਰਾਰ (ਰਿਣ)<br>ਵਧੀਕ ਰਜਿਸਟਰਾਰ (ਜਨਰਲ)<br>ਵਧੀਕ ਰਜਿਸਟਰਾਰ (ਉਦਯੋਗ)<br>ਵਧੀਕ ਰਜਿਸਟਰਾਰ (ਵੰਡ)<br>ਸੰਯੁਕਤ ਰਜਿਸਟਰਾਰ (ਯੋਜਨਾ)<br>ਸੰਯੁਕਤ ਰਜਿਸਟਰਾਰ-1<br>ਸੰਯੁਕਤ ਰਜਿਸਟਰਾਰ-2<br>ਉਪ ਰਜਿਸਟਰਾਰ (ਇੰਨਫੋਰਸਮੈਂਟ)<br>ਉਪ ਰਜਿਸਟਰਾਰ (ਬੈਂਕਿੰਗ)<br>ਉਪ ਰਜਿਸਟਰਾਰ (ਲੀਗਲ) | ਖੇਤਰੀ ਪੱਧਰ ਦੇ ਅਧਿਕਾਰੀ<br>ਸੰਯੁਕਤ ਰਜਿਸਟਰਾਰ,<br>ਪਟਿਆਲਾ, ਜਲੰਧਰ, ਫਿਰੋਜ਼ਪੁਰ<br>1. ਹਰ ਜਿਲ੍ਹੇ ਵਿੱਚ ਇੱਕ ਉਪ ਰਜਿਸਟਰਾਰ (22)<br>2. ਹਰ ਏ.ਆਰ ਸਰਕਲ ਵਿੱਚ ਇੱਕ ਸਹਾਇਕ ਰਜਿਸਟਰਾਰ (80)<br>3. ਨਰੀਖਕ (835) |

2. **ਤੁਲਨਾਤਮਿਕ ਚਾਰਟ (ਵਿਭਾਗ ਦੀ ਭੌਤਿਕ ਅਤੇ ਵਿੱਤੀ ਪ੍ਰਗਤੀ)।ਇਸ ਸਾਲ ਵਿੱਚ ਪਿਛਲੇ ਦੇ ਸਾਲਾਂ ਦਾ ਟੈਬਲੇਟ ਫਾਰਮ ਵਿੱਚ ਤੁਲਨਾ।**

ਵਿੱਤੀ ਸਾਲ 2013-14

| ਲੜੀ ਨੰ. | ਸਕੀਮ | ਵਿੱਤੀ ਸਾਲ 2013-14 ਦੌਰਾਨ ਅਲਾਟ ਹੋਇਆ ਬਜ਼ਟ। | ਵਿੱਤੀ ਸਾਲ 2013-14 ਦੌਰਾਨ ਖਰਚਾ। |
|---|---|---|---|
| 1 | ਪਲਾਨ | 1439400000/- | 1313500000/- |
| 2 | ਨਾਨ ਪਲਾਨ | 628743000/- | 609475000/- |

ਵਿੱਤੀ ਸਾਲ 2014-15

| ਲੜੀ ਨੰ. | ਸਕੀਮ | ਵਿੱਤੀ ਸਾਲ 2014-15 ਦੌਰਾਨ ਅਲਾਟ ਹੋਇਆ ਬਜ਼ਟ। | ਵਿੱਤੀ ਸਾਲ 2014-15 ਦੌਰਾਨ ਖਰਚਾ। |
|---|---|---|---|
| 1 | ਪਲਾਨ | 3164900000/- | 2664873000/- |
| 2 | ਨਾਨ ਪਲਾਨ | 630045000/- | 596847000/- |

ਵਿੱਤੀ ਸਾਲ 2015-16

| ਲੜੀ ਨੰ. | ਸਕੀਮ | ਵਿੱਤੀ ਸਾਲ 2015-16 ਦੌਰਾਨ ਅਲਾਟ ਹੋਇਆ ਬਜ਼ਟ। | ਵਿੱਤੀ ਸਾਲ 2015-16 ਦੌਰਾਨ ਖਰਚਾ। |
|---|---|---|---|
| 1 | ਪਲਾਨ | 4000000000/- | 3305600000/- |
| 2 | ਨਾਨ ਪਲਾਨ | 617551000/- | 592848000/- |

**ਸ਼ਿਖਰ ਸਹਿਕਾਰੀ ਸੰਸਥਾਵਾਂ।**

ਸ਼ਿਖਰ ਸਹਿਕਾਰੀ ਸੰਸਥਾਵਾ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ, ਜਿਨ੍ਹਾਂ ਦੇ ਮੁਖੀ ਪ੍ਰਬੰਧ ਨਿਰਦੇਸ਼ਕ ਹੁੰਦੇ ਹਨ:-

- ਪੰਜਾਬ ਰਾਜ ਸਹਿਕਾਰੀ ਬੈਂਕ।
- ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ।
- ਮਾਰਕਫੈਡ।
- ਮਿਲਕਫੈਡ।
- ਸ਼ੂਗਰਫੈਡ।
- ਹਾਊਸਫੈਡ।
- ਪਨਕੋਫੈਡ।
- ਲੇਬਰਫੈਡ।
- ਪੀ.ਆਈ.ਸੀ.ਟੀ।

2. **ਵਿਜ਼ਨ ਅਤੇ ਮਿਸ਼ਨ ਸਟੇਟਮੈਟਾਂ।**

ੳ) **ਵਿਜ਼ਨ**

ਮੈਂਬਰਾਂ ਦੀ ਮਾਲਕੀ ਵਾਲੀ ਪ੍ਰਬੰਧਿਤ ਸਹਿਕਾਰੀ ਸਭਾਵਾਂ ਦਾ ਜਮਹੂਰੀ ਢੰਗ ਨਾਲ ਪ੍ਰੋਮੋਸ਼ਨ।

ਅ) **ਮਿਸ਼ਨ**

ਸਹਿਕਾਰੀ ਸਭਾਵਾਂ ਦੇ ਸਵੈ-ਇੱਛਤ ਗਠਨ ਲਈ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਸਹਾਈ ਵਾਤਾਵਰਣ ਪ੍ਰਦਾਨ ਕਰਨਾ।

ੲ) **ਟੀਚੇ/ਉਦੇਸ਼**

ਵਿਭਾਗ ਦੇ ਉਦੇਸ਼ਾਂ ਵਿੱਚ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਨੂੰ ਸ਼ਾਰਟ ਟਰਮ ਅਤੇ ਲਾਂਗ ਟਰਮ ਕ੍ਰੇਡਿਟ, ਖਾਦਾਂ ਅਤੇ ਐਗਰੋ-ਕੈਮੀਕਲ ਦੀ ਸਮੇਂ ਸਿਰ ਸਪਲਾਈ ਸ਼ਾਮਲ ਹੈ।ਵੱਖ-ਵੱਖ ਪੈਰਾਮੀਟਰਾਂ ਦੇ ਦੁਆਰਾ ਮੈਂਬਰਾਂ ਦੀ ਆਰਥਿਕ ਸਥਿਤੀ ਵਧਾਉਣ ਲਈ ਉਪਰਾਲੇ ਕਰਨਾ, ਮਹਿਲਾਵਾਂ ਦੇ ਸਸ਼ਕਤੀਕਰਣ ਨੂੰ ਯਕੀਨੀ ਬਣਾਉਣਾ ਅਤੇ ਸਹਿਕਾਰੀ ਸੰਸਥਾਵਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਸਿਹਤ ਸਬੰਧੀ ਸੁਵਿਧਾਵਾਂ ਪ੍ਰਦਾਨ ਕਰਨਾ। ਵਿਭਾਗ ਦੇ ਉਦੇਸ਼ਾਂ ਵਿੱਚ ਅੰਦਰੂਨੀ ਕੁਸ਼ਲਤਾ, ਪਾਰਦਰਸ਼ਿਤਾ ਅਤੇ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਕਰਨਾ ਵੀ ਸ਼ਾਮਲ ਹੈ।

ਸ) **ਟੀਚਿਆਂ/ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਯੋਜਨਾ ਬਣਾਉਣਾ।**

1. ਵਿਭਾਗ ਵਿੱਚ ਆਈ.ਡਬਲਊ.ਡੀ.ਐਮ.ਐਸ ਸਿਸਟਮ ਲਾਗੂ ਕੀਤਾ।
2. ਆਈ.ਡਬਲਊ.ਡੀ.ਐਮ.ਐਸ ਦੁਆਰਾ ਅਦਾਲਤੀ ਕੇਸਾਂ ਦੀ ਨਿਗਰਾਨੀ।
3. ਪੈਕਸ ਸਭਾਵਾਂ ਵਿੱਚ ਐਗਰੋ ਸਰਵਿਸ ਸੈਂਟਰ।
4. ਪੈਕਸ ਸਭਾਵਾਂ ਨੂੰ ਸਮੇਂ ਸਿਰ ਖਾਦ ਦੀ ਪਾਲਿਸੀ ਦੇ ਖਰੜਾ ਤਿਆਰ ਕਰਕੇ ਮਾਰਕਫੈਡ ਅਤੇ ਇਫਕੋ ਦੁਆਰਾ ਖਾਦ ਦੀ ਸਮੇਂ ਸਿਰ ਅਦਾਇਗੀ ਅਤੇ ਸਪਲਾਈ ਯਕੀਨੀ ਬਣਾਈ ਜਾਂਦੀ ਹੈ।
5. ਸਬੰਧਤ ਕਿਰਿਆਵਾਂ ਰਾਹੀਂ ਮਿਲਕਫੈਡ ਦੇ ਵੱਖ-ਵੱਖ ਪੈਰਾਮੀਟਰਾਂ ਰਾਹੀਂ ਮੈਂਬਰਾਂ ਦੀ ਆਰਥਿਕ ਸਥਿਤੀ ਵਧਾਉਣਾ।
6. ਵਿਭਾਗ ਦੇ ਮਾਈਭਾਗੋ ਸਸ਼ਕਤੀਕਰਨ ਸਕੀਮ ਰਾਹੀਂ ਮਹਿਲਾ ਸਸ਼ਕਤੀਕਰਨ ਯਕੀਨੀ ਬਣਾਇਆ ਜਾ ਰਿਹਾ ਹੈ।
7. ਭਾਈ ਘਨੱਈਆ ਸਿਹਤ ਸੇਵਾ ਸਕੀਮ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨ ਵਿੱਚ ਮਦਦ ਕਰਦੀ ਹੈ।

## ਪ੍ਰੋਗਰਾਮ ਅਤੇ ਪ੍ਰਾਜੈਕਟ/ ਨੀਤੀ

(ਰਕਮ ਹਜ਼ਾਰਾਂ ਵਿੱਚ)

| ਲੜੀ ਨੰ: | ਸਕੀਮ ਦਾ ਨਾਮ | ਸਾਲਾਨਾ ਪਲਾਨ 2015-16 | |
|---|---|---|---|
| | | ਪ੍ਰਵਾਨਿਤ ਰਕਮ | ਖਰਚਾ |
| 1 | 2 | 3 | 4 |
| CN-09 | ਗੰਨਾ ਉਤਪਾਦਕਾਂ ਨੂੰ ਭੁਗਤਾਨ ਲਈ ਸ਼ੂਗਰ ਕੋਆਪ੍ਰੇਟਿਵਜ਼ ਲਈ ਲੋਨ। | 4000000 | 3305600 |

### ਹਰੇਕ ਪ੍ਰੋਗਰਾਮ/ਪ੍ਰੋਜੈਕਟ ਦੇ ਸਲਾਨਾ/ਮਾਸਿਕ ਟੀਚੇ (ਡਾਊਨ/ਬਲਾਕ/ਪਿੰਡ ਪੱਧਰ)

ਪੰਜਾਬ ਰਾਜ ਸਹਿਕਾਰੀ ਬੈਂਕ ਅਤੇ ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰਲ ਡਿਵਲਪਮੈਂਟ ਬੈਂਕ ਦੁਆਰਾ ਸ਼ਾਰਟ ਟਰਮ ਅਤੇ ਲਾਂਗ ਟਰਮ ਕਰੈਡਿਟ ਦੀ ਐਡਵਾਂਸਮੈਂਟ ਅਤੇ ਰਿਕਵਰੀ, ਮਾਰਕਫੈਡ ਅਤੇ ਇਫਕੋ ਦੁਆਰਾ ਇੰਡੈਂਟ ਦੇ ਵਿਰੁੱਧ ਖਾਦਾਂ ਦੀ ਸਪਲਾਈ ਦਾ ਰੀਵਿਊ ਮਹੀਨੇਵਾਰ ਰਾਜ ਪੱਧਰੀ ਸਮੀਖਿਆ ਮੀਟਿੰਗਾਂ ਵਿੱਚ ਫੀਲਡ ਅਫਸਰਾਂ ਨਾਲ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਕੀਤਾ ਜਾਂਦਾ ਹੈ।

### 3. ਮੁੱਖ ਪ੍ਰਦਰਸ਼ਨ ਸੂਚਕ/ਅਮਲ

### ਏ) ਪਿਛਲੇ ਵਿੱਤੀ ਵਰ੍ਹੇ ਦੌਰਾਨ ਵਿਭਾਗ ਵਿੱਚ ਗਤੀਵਿਧੀਆਂ ਦੀ ਸਮੀਖਿਆ।

- **ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ।**

ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਆਪਣੇ ਵਿਅਕਤੀਗਤ ਮੈਂਬਰਾਂ ਨੂੰ ਕਰਜ਼ਾ ਦਿੰਦੀਆਂ ਹਨ। ਕਿਸਾਨਾਂ ਦੀਆਂ ਕਰਜ਼ਾ ਲੋੜਾਂ ਨੂੰ ਪੂਰਾ ਕਰਨ ਵਿੱਚ ਅਤੇ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਵਿੱਚ ਇਨ੍ਹਾਂ ਸਹਿਕਾਰੀ ਸਭਾਵਾਂ ਨੇ ਅਹਿਮ ਭੂਮਿਕਾ ਨਿਭਾਉਣੀ ਜਾਰੀ ਰੱਖੀ ਹੈ। ਰਿਪੋਰਟ ਅਧੀਨ ਸਾਲ ਦੇ ਅੰਤ ਤੱਕ ਰਾਜ ਵਿੱਚ 3858 ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਸਨ,ਜਿਨ੍ਹਾ ਵਿੱਚੋਂ ਅਸਲ ਵਿੱਚ ਕੰਮ ਕਰਦੀਆਂ 3555 ਸਭਾਵਾਂ ਹਨ। ਇਨ੍ਹਾਂ ਸਹਿਕਾਰੀ ਸਭਾਵਾਂ ਦੀ ਆਪਣੇ ਮੈਬਰਾਂ ਨੂੰ ਕਰਜ਼ਾ ਦੇਣ ਦੀ ਜਿੰਮੇਵਾਰੀ ਹੀ ਨਹੀਂ ਹੈ ਸਗੋਂ ਖੇਤੀਬਾੜੀ ਵਿੱਚ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਅਤੇ ਉਨ੍ਹਾ ਦੇ ਬੂਹੇ ਤੇ ਖਪਤਕਾਰ ਵਸਤਾਂ ਦੀ ਪੂਰਤੀ ਕਰਨ ਦੀ ਜਿੰਮੇਵਾਰੀ ਵੀ ਹੈ।ਸਾਲ ਦੌਰਾਨ ਇਨ੍ਹਾ ਮੈਬਰਾਂ ਦੀ ਗਿਣਤੀ, ਹਿੱਸੇਦਾਰੀ, ਕਾਰਜ ਪੂੰਜੀ, ਅਮਾਨਤਾਂ, ਜਾਰੀ ਕੀਤੇ ਕਰਜ਼ੇ, ਕਾਰੋਬਾਰੀ ਲੈਣ ਦੇਣ, ਸਪਲਾਈ ਕੀਤੀਆਂ ਖਪਤਕਾਰ ਵਸਤਾਂ ਦੀ ਕੀਮਤ ਆਦਿ ਵੇਰਵਾ ਹੇਠ ਦਿੱਤਾ ਹੈ :-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-16 |
|---|---|---|---|
| 1 | ਮੈਂਬਰਾਂ ਦੀ ਗਿਣਤੀ (ਅਸਲ) | 2485714 | 2518832 |
| 2 | ਹਿੱਸੇਦਾਰੀ | 42324.02 | 4528939 |
| 3 | ਆਪਣੇ ਫੰਡ | 169415.29 | 127148.62 |
| 4 | ਕਾਰਜ ਪੂੰਜੀ | 1056577.93 | 1031697.82 |
| 5 | ਅਮਾਨਤਾਂ | 163015.43 | 241242.42 |
| 6 | ਜਾਰੀ ਕੀਤੇ ਕਰਜ਼ | 1201346.71 | 1424466.70 |
| 7 | ਕਾਰੋਬਾਰੀ ਲੈਣ ਦੇਣ | 6777533.29 | 8470392.96 |

ਜਾਰੀ ਕੀਤੇ ਗਏ ਕਰਜ਼ੇ ਦੀ ਕੁੱਲ ਰਕਮ 1424466.70 ਲੱਖ ਰੁਪਏ ਵਿੱਚੋਂ 33297.67 ਲੱਖ ਰੁਪਏ ਦੇ ਕਰਜ਼ੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਜਾਰੀ ਕੀਤੇ ਗਏ ਸਨ ਅਤੇ 15526.22 ਲੱਖ ਰੁਪਏ ਦੇ ਕਰਜ਼ੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਮੈਬਰਾਂ ਨੂੰ ਜਾਰੀ ਕੀਤੇ ਗਏ ਸਨ। ਰਿਪੋਰਟ ਅਧੀਨ ਸਾਲ ਦੌਰਾਨ ਕਰਜ਼ੇ ਦੀ ਕੁੱਲ ਮੰਗ 1292604.22 ਲੱਖ ਰੁਪਏ ਵਿੱਚੋ 1119746.01 ਲੱਖ ਰੁਪਏ ਦੀ ਵਸੂਲੀ ਕੀਤੀ ਗਈ ਸੀ,ਜਿਸ ਨਾਲ 86% ਦੀ ਵਸੂਲੀ ਦੀ ਪ੍ਰਤੀਸ਼ਤ ਬਣਦੀ ਹੈ।ਸਾਲ ਦੇ ਅੰਤ ਤੇ ਇਨਾਂ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਦੇ ਵਿਰੁੱਧ 172858.21 ਲੱਖ ਰੁਪਏ ਦੇ ਬਕਾਇਆ ਕਰਜ਼ੇ ਖੜ੍ਹੇ ਸਨ।ਇਨਾਂ ਸਹਿਕਾਰੀ ਸਭਾਵਾਂ ਨੇ ਆਪਣੇ ਮੈਂਬਰਾਂ ਨੂੰ ਖੇਤੀਬਾੜੀ ਦੀ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਜਿਨ੍ਹਾਂ ਦੀ ਰਕਮ 102509.99 ਲੱਖ ਰੁਪਏ ਬਣਦੀ ਹੈ,ਦੀ ਪੂਰਤੀ ਕੀਤੀ ਹੈ।

- **ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ।**

ਸ਼ਿਖਰ ਪੱਧਰ ਤੇ ਦੀ ਪੰਜਾਬ ਰਾਜ ਸਹਿਕਾਰੀ ਬੈਂਕ (ਪੀ.ਐਸ.ਸੀ.ਬੀ) ਸ਼ਿਮਲਾ ਵਿਖੇ ਮਿਤੀ 31.08.1949 ਨੂੰ ਰਜਿਸਟਰ ਕੀਤਾ ਗਿਆ ਸੀ।ਇਸ ਦਾ ਮੁੱਖ ਦਫਤਰ 1951 ਵਿੱਚ ਜਲੰਧਰ ਵਿਖੇ ਅਤੇ ਫਿਰ 1963 ਵਿੱਚ ਚੰਡੀਗੜ੍ਹ ਵਿਖੇ ਤਬਦੀਲ ਕਰ ਦਿੱਤਾ ਗਿਆ ਸੀ।ਇਹ ਬੈਂਕ ਨਾ ਸਿਰਫ ਖੇਤੀ ਖੇਤਰ ਵਿੱਚ ਹੀ ਨਹੀ ਬਲਕਿ ਗੈਰ ਖੇਤੀ ਖੇਤਰ ਵਿੱਚ ਸਹਿਕਾਰੀ ਕਰਜ਼ੇ ਦੇਣ, ਨਿਰਦੇਸ਼ਿਤ ਕਰਨ ਅਤੇ ਦੇਖ ਰੇਖ ਕਰਦੇ ਹੋਏ ਇਕ ਧੁਰੇ ਦੀ ਭੂਮਿਕਾ ਨਿਭਾ ਰਿਹਾ ਹੈ।ਇਸ ਬੈਂਕ ਨਾਲ ਜੁੜੇ ਹੋਏ ਰਾਜ ਵਿੱਚ 20 ਕੇਂਦਰੀ ਸਹਿਕਾਰੀ ਬੈਂਕ ਹਨ।ਸਾਲ 2015-16 ਵਿਚ ਬੈਂਕ ਦੇ ਮੈਂਬਰਾਂ ਦੀ ਗਿਣਤੀ 54 ਸੀ, ਜੋ ਕਿ ਕੇਂਦਰੀ ਸਹਿਕਾਰੀ ਬੈਂਕ, ਸ਼ਿਖਰ ਸਹਿਕਾਰੀ ਸੰਸਥਾਵਾਂ ਅਤੇ ਹੋਰ ਸਹਿਕਾਰੀ ਸਭਾਵਾਂ ਨਾਲ ਬਣੀ ਹੋਈ ਹੈ।ਬੈਂਕ ਦੇ ਮਹੱਤਵਪੂਰਨ ਅੰਕੜੇ ਹੇਠ ਦਿਤੇ ਹੋਏ ਹਨ:-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਮੈਂਬਰਾਂ ਦੀ ਗਿਣਤੀ (ਇਕਾਈਆਂ ਵਿੱਚ) | 54 | 54 |
| 2 | ਹਿੱਸੇਦਾਰੀ | 15938.84 | 15940.04 |
| 3 | ਆਪਣੇ ਫੰਡ | 55872.20 | 58143.82 |
| 4 | ਕਾਰਜ ਪੂੰਜੀ | 1027888.70 | 940623.03 |
| 5 | ਅਮਾਨਤਾਂ | 267320.49 | 256017.17 |
| 6 | ਜਾਰੀ ਕੀਤੇ ਕਰਜ਼ੇ | 1148102.97 | 1034500.79 |
| 7 | ਲਾਭ | +2901.00 | +1253.15 |
| 8 | ਕਾਰੋਬਾਰੀ ਲੈਣ-ਦੇਣ | 4775965.26 | 3556900.10 |

ਦੀ ਪੰਜਾਬ ਰਾਜ ਸਹਿਕਾਰੀ ਬੈਂਕ ਕਰਜ਼ੇ ਦੇਣ ਵਾਲੀ ਮੋਹਰੀ ਸੰਸਥਾ ਹੈ ਜੋ ਕਿ ਖੇਤੀਬਾੜੀ ਦੀ ਪੈਦਾਵਾਰ ਲਈ ਵਿਆਜ ਦੀਆਂ ਰਿਆਇਤੀ ਦਰਾਂ ਤੇ ਕਰਜ਼ਾ ਪ੍ਰਾਪਤ ਕਰਨ ਲਈ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਅਤੇ ਕੇਂਦਰੀ ਸਹਿਕਾਰੀ ਬੈਂਕਾਂ ਵਿੱਚ ਕੜੀ ਦਾ ਕੰਮ ਕਰਦੀ ਹੈ। ਇਸ ਦੇ ਨਾਲ ਹੀ ਬੈਂਕ ਰਾਜ ਅਤੇ ਰਾਸ਼ਟਰੀ ਪੱਧਰ ਦੀਆਂ ਸੰਸਥਾਵਾਂ ਨੂੰ ਸਿੱਧਾ ਕਰਜ਼ਾ ਵੀ ਦਿੰਦਾ ਹੈ।ਬੈਂਕ ਆਪਣੇ ਨਾਲ ਜੁੜੇ ਹੋਏ ਕੇਂਦਰੀ ਸਹਿਕਾਰੀ ਬੈਂਕਾਂ ਅਤੇ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਦੇ ਅਮਲੇ ਦੀਆਂ ਸਿਖਲਾਈ ਜ਼ਰੂਰਤਾਂ ਨੂੰ ਆਪਣੇ ਟਰੇਨਿੰਗ ਇੰਸਟੀਚਿਊਟ ਜੋ ਕਿ ਜਲੰਧਰ ਵਿਖੇ ਸਥਿਤ ਹੈ,ਜਿਸ ਵਿੱਚ ਅਜੋਕੀ ਸਿੱਖਿਆ ਅਤੇ ਸਿਖਲਾਈ ਦੀਆਂ ਸਹੂਲਤਾਂ ਹਨ ਰਾਹੀਂ ਪੂਰਾ ਕਰਦਾ ਹੈ।

**ਕੇਂਦਰੀ ਸਹਿਕਾਰੀ ਬੈਂਕ :**

ਪੰਜਾਬ ਵਿੱਚ ਸਹਿਕਾਰੀ ਬੈਂਕਾਂ ਦਾ ਦੂਜਾ ਪੱਧਰ 20 ਕੇਂਦਰੀ ਸਹਿਕਾਰੀ ਬੈਂਕਾਂ ਦਾ ਬਣਿਆ ਹੋਇਆ ਹੈ, ਜਿਨ੍ਹਾਂ ਦੀਆਂ ਸਾਰੇ ਰਾਜ ਵਿੱਚ 802 ਸ਼ਾਖਾਵਾਂ ਹਨ ਜੋ ਕਿ ਰਾਜ ਦੇ ਲੋਕਾਂ ਦੀ ਬੈਂਕਿੰਗ ਅਤੇ ਕਰਜ਼ਾ ਜ਼ਰੂਰਤਾਂ ਨੂੰ ਪੂਰਾ ਕਰਦੀਆਂ ਹਨ।ਵੇਰਵਾ ਹੇਠ ਲਿਖੇ ਅਨੁਸਾਰ ਹੈ:-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਮੈਂਬਰਾਂ ਦੀ ਗਿਣਤੀ (ਅਸਲ) | 532983 | 545821 |
| 2 | ਹਿੱਸੇਦਾਰੀ | 31757.46 | 38103.05 |
| 3 | ਆਪਣੇ ਫੰਡ | 218109.12 | 192860.68 |
| 4 | ਅਮਾਨਤਾਂ | 1143579.86 | 1238314.64 |
| 5 | ਕਾਰਜ ਪੂੰਜੀ | 2003732.87 | 2072243.74 |
| 6 | ਜਾਰੀ ਕੀਤੇ ਕਰਜ਼ੇ | 1533707.58 | 1878952.17 |
| 7 | ਲਾਭ ਦੀ ਰਕਮ | +2966.54 | +2266.73 |
| 8 | ਏ ਸ੍ਰੈਣੀ ਦੇ ਬੈਂਕਾਂ ਦੀ ਗਿਣਤੀ | 17 | 17 |

ਗੈਰ ਖੇਤੀ ਖੇਤਰ ਦੀਆਂ ਸਕੀਮਾਂ ਅਧੀਨ ਰਾਜ ਦੇ ਸਾਰੇ ਕੇਂਦਰੀ ਸਹਿਕਾਰੀ ਬੈਂਕਾਂ ਨੇ ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰ ਨੋਜਵਾਨਾਂ ਨੂੰ ਕਰਜ਼ੇ ਜਾਰੀ ਕਰਨ ਦੀ ਸਕੀਮ ਅਰੰਭ ਕੀਤੀ ਹੈ। ਇਸ ਸਕੀਮ

ਅਧੀਨ ਖਾਸ ਕੰਮਾਂ ਲਈ ਬੈਂਕ ਸਿੱਧਾ ਹੀ ਵਿਅਕਤੀਆਂ ਨੂੰ ਕਰਜ਼ਾ ਜਾਰੀ ਕਰਦੇ ਹਨ। ਇਸ ਨੇ ਪੇਂਡੂ ਖੇਤਰ ਵਿੱਚ ਰੁਜ਼ਗਾਰ ਮੁਹੱਈਆ ਕਰਾਉਣ ਵਿੱਚ ਤੇਜ਼ੀ ਲਿਆਂਦੀ ਹੈ। ਇਨ੍ਹਾਂ ਸਹਿਕਾਰੀ ਬੈਂਕਾਂ ਦੁਆਰਾ ਨਵੀਆਂ ਕਿਸਮਾਂ ਦੇ ਕਰਜ਼ੇ ਜਾਰੀ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ।

- **ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ. ਚੰਡੀਗੜ੍ਹ।**

ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: (ਪੀ.ਐਸ.ਸੀ.ਏ.ਡੀ.ਬੀ.) ਸਾਲ 1958 ਵਿੱਚ ਰਜਿਸਟਰ ਕੀਤਾ ਗਿਆ ਸੀ। ਜਿਸਦਾ ਮੁੱਖ ਮੰਤਵ ਕਿਸਾਨਾਂ ਨੂੰ ਖੇਤੀਬਾੜੀ ਅਤੇ ਹੋਰ ਸਹਾਇਕ ਧੰਦਿਆਂ ਲਈ ਲੰਬੇ ਸਮੇਂ ਦੇ ਕਰਜੇ ਮੁਹੱਈਆ ਕਰਵਾਉਣਾ ਹੈ। ਰਾਜ ਵਿੱਚ 89 ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ (ਪੀ.ਏ.ਡੀ.ਬੀ) ਕੰਮ ਕਰਦੇ ਹਨ। ਬੈਂਕ ਨੇ ਛੋਟੇ ਸਿੰਚਾਈ ਪ੍ਰੋਜੈਕਟਾਂ ਅਤੇ ਟਰੈਕਟਰਾਂ ਦੀ ਖਰੀਦ ਲਈ ਕਰਜ਼ੇ ਮੁਹੱਈਆ ਕਰਵਾਕੇ ਸ਼ਲਾਘਾਯੋਗ ਕੰਮ ਕੀਤਾ ਹੈ। ਚਿੱਟੇ ਅਤੇ ਹਰੇ ਇੰਨਕਲਾਬ ਲਈ ਜਰੂਰਤ ਦੀਆਂ ਵਸਤਾਂ ਮੁਹੱਈਆ ਕਰਵਾ ਕੇ ਆਪਣੇ ਕਰਜ਼ੇ ਦੀਆਂ ਸਕੀਮਾਂ ਵਿੱਚ ਵਿਭਿੰਨਤਾ ਲਿਆਂਦੀ ਹੈ। ਉਪਰੋਕਤ ਤੋਂ ਇਲਾਵਾ ਬੈਂਕ ਵੱਲੋਂ ਨਾਨ ਫਾਰਮ ਸੈਕਟਰ ਜਿਵੇਂ ਆਟਾ ਚੱਕੀ, ਆਰਾ ਮਸ਼ੀਨ, ਰੈਸਟੋਰੈਂਟ, ਛੋਟੀ ਗੱਡੀ ਲਈ, ਪਸ਼ੂਆ ਲਈ, ਮੁਰਗੀ ਪਾਲਣ ਲਈ ਅਤੇ ਹੋਰ ਕਈ ਧੰਦਿਆਂ ਲਈ ਵੀ ਕਰਜ਼ਾ ਦਿੱਤਾ ਜਾਦਾ ਹੈ। ਬੈਂਕ ਵੱਲੋਂ ਹੋਰ ਕਈ ਨਵੀਆਂ ਸਕੀਮਾਂ ਸੁਰੂ ਕੀਤੀਆਂ ਹਨ, ਜਿਸ ਵਿੱਚ ਪੇਂਡੂ ਮਕਾਨ ਉਸਾਰੀ, ਲੰਬੇ ਸਮੇਂ ਦੇ ਖੇਤੀਬਾੜੀ ਸਬੰਧੀ ਕਰਜ਼ੇ, ਉਚ ਸਿਖਿਆ ਲਈ ਕਰਜ਼ਾ, ਵਰਖਾ ਦੇ ਪਾਣੀ ਦੀ ਸਾਂਭ ਸੰਭਾਲ ਲਈ ਟੈਂਕ ਬਣਾਉਣ ਲਈ ਕਰਜ਼ੇ, ਮੁਰਗੀ ਪਾਲਣ ਅਤੇ ਦੁੱਧ ਨਾਲ ਸਬੰਧਿਤ ਕਾਰੋਬਾਰ ਲਈ ਯੂਨਿਟ ਸਥਾਪਿਤ ਕਰਨ ਲਈ, ਜੀਵਾਣੂਖਾਦ ਤਿਆਰ ਕਰਨ ਦਾ ਯੂਨਿਟ ਸਥਾਪਿਤ ਕਰਨ ਲਈ ਕਰਜ਼ਾ ਦੇਣਾ ਸ਼ਾਮਿਲ ਹੈ। ਇਸਤਰੀ ਸ਼ਸ਼ਕਤੀਕਰਨ ਸਬੰਧੀ ਬੈਂਕ ਵੱਲੋਂ ਹਰੇਕ ਬੈਂਕ ਵਿੱਚ ਇਕ ਅਲੱਗ ਇਸਤਰੀ ਵਿਕਾਸ ਸੈਲ ਵੀ ਸਥਾਪਿਤ ਕੀਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਬੈਂਕ ਵੱਲੋਂ ਕਿਸਾਨਾਂ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਲਈ ਹਰੇਕ ਬੈਂਕ ਵਿੱਚ ਕਿਸਾਨ ਕਲੱਬ ਸਥਾਪਿਤ ਕੀਤੇ ਗਏ ਹਨ।

**(ਰਕਮ ਲੱਖਾਂ ਵਿੱਚ)**

| **ਲੜੀ ਨੰ.** | **ਵੇਰਵਾ** | **2014-2015** | **2015-2016** |
|---|---|---|---|
| 1 | ਮੈਬਰਾਂ ਦੀ ਗਿਣਤੀ (ਇਕਾਈਆਂ ਵਿੱਚ) | 89 | 89 |
| 2 | ਹਿੱਸੇਦਾਰੀ | 7452.15 | 7586.65 |
| 3 | ਆਪਣੇ ਫੰਡ | 49375.00 | 46245.99 |
| 4 | ਕਾਰਜਪੂੰਜੀ | 354705.45 | 363169.25 |
| 5 | ਜਾਰੀ ਕੀਤਾ ਕਰਜ਼ਾ | 5065383.90 | 55979.94 |
| 6 | ਕਾਰੋਬਾਰੀ ਲੈਣਦੇਣ | 275126.48 | 337263.21 |
| 7 | ਲਾਭ/ਹਾਨੀ | +2493.34 | +2542.31 |

**ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ।**

ਸਾਲ 2015-16 ਦੇ ਅੰਤ ਤੇ ਰਾਜ ਅੰਦਰ 89 ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸਨ। ਇਹ ਬੈਂਕ ਖੇਤੀਬਾੜੀ ਅਤੇ ਗੈਰ ਖੇਤੀਬਾੜੀ ਦੀਆਂ ਦੋਵੇਂ ਜ਼ਰੂਰਤਾਂ ਲਈ ਕਿਸਾਨਾਂ ਨੂੰ ਲੰਬੇ ਸਮੇਂ ਦੇ ਕਰਜ਼ੇ ਦਿੰਦੇ ਹਨ। ਤੁਲਨਾਤਮਕ ਅੰਕੜੇ ਹੇਠਾਂ ਦਿੱਤੇ ਗਏ ਹਨ:-

**(ਰਕਮ ਲੱਖਾਂ ਵਿੱਚ)**

| **ਲੜੀ ਨੰ.** | **ਵੇਰਵਾ** | **2014-2015** | **2015-2016** |
|---|---|---|---|
| 1 | ਮੈਂਬਰਾਂ ਦੀ ਗਿਣਤੀ | 885197 | 920074 |
| 2 | ਹਿੱਸੇਦਾਰੀ | 15675.09 | 16952.44 |
| 3 | ਆਪਣੇ ਫੰਡ | 79102.98 | 72910.15 |
| 4 | ਕਾਰਜ ਪੂੰਜੀ | 407396.18 | 413954.36 |
| 5 | ਜਾਰੀ ਕੀਤੇ ਕਰਜ਼ੇ | 98185.16 | 63438.34 |

- **ਮੰਡੀਕਰਣ ਸਹਿਕਾਰੀ ਸਭਾਵਾਂ।**

## ਦੀ ਪੰਜਾਬ ਰਾਜ ਸਹਿਕਾਰੀ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ ਲਿਮ: ਚੰਡੀਗੜ੍ਹ (ਮਾਰਕਫੈਡ)

ਦੀ ਪੰਜਾਬ ਰਾਜ ਸਹਿਕਾਰੀ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ ਲਿਮਟਿਡ ਨੂੰ ਇਸ ਦੇ ਸੰਖੇਪ ਨਾਮ ਮਾਰਕਫੈਡ ਨਾਲ ਜਾਣਿਆ ਜਾਂਦਾ ਹੈ।ਮਾਰਕਫੈਡ ਮਿਤੀ 02.09.1954 ਨੂੰ ਆਪਣੇ 53 ਮੈਂਬਰਾਂ ਨਾਲ ਰਜਿਸਟਰ ਹੋਈ ਸੀ। ਮਿਤੀ 31.3.2016 ਨੂੰ ਇਸ ਸੰਘ ਦੇ ਮੈਂਬਰਾਂ ਦੀ ਗਿਣਤੀ 3099 ਸੀ। ਇਸ ਨੇ ਆਪਣਾ ਕਾਰਜ਼ ਖੇਤਰ ਵਧਾ ਲਿਆ ਹੈ, ਕਿਉਂਕਿ ਇਸ ਦੀਆਂ ਵਸਤਾਂ ਦਾ ਭਾਰਤ ਅਤੇ ਸੰਸਾਰ ਦੇ ਹੋਰ ਦੇਸਾਂ ਵਿੱਚ ਮੰਡੀਕਰਣ ਕੀਤਾ ਜਾਂਦਾ ਹੈ।ਇਹ ਏਸ਼ੀਆ ਦਾ ਸੱਭ ਤੋ ਵੱਡਾ ਸਹਿਕਾਰੀ ਉਦਮ ਹੈ ਜਿਹੜਾ ਕਿ ਕਿਸਾਨਾਂ ਦੀ ਵਸਤਾਂ ਦਾ ਮੰਡੀਕਰਣ ਪ੍ਰਾਇਮਰੀ ਸਹਿਕਾਰੀ ਮੰਡੀਕਰਣ ਸਭਾਵਾਂ ਰਾਂਹੀ ਕਰਨ ਵਿੱਚ ਉਨ੍ਹਾਂ ਦੀ ਮੱਦਦ ਕਰਦਾ ਹੈ।ਇਸ ਦੇ 17 ਜਿਲ੍ਹਾ ਦਫਤਰ ਹਨ ਅਤੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਹੈ। ਇਹ ਇਸ ਦੇ ਨਾਲ ਜੁੜੀਆਂ ਹੋਈਆਂ ਪੈਕਸ (ਪ੍ਰਾਇਮਰੀ ਐਗਰੀ: ਕੋਆਪ: ਸੁਸਾਇਟੀ) ਅਤੇ ਸਹਿਕਾਰੀ ਮੰਡੀਕਰਣ ਸਭਾਵਾਂ ਅਤੇ ਇਸ ਦੀਆਂ ਸ਼ਾਖਾਵਾਂ ਅਤੇ ਖੇਤੀ ਸੇਵਾ ਕੇਂਦਰਾਂ (ਐਗਰੋ ਸਰਵਿਸ ਸੈਂਟਰਜ) ਰਾਹੀਂ ਵਧੀਆ ਰਸਾਇਣਕ ਖਾਦਾਂ, ਹਾਨੀਕਾਰਕ ਜੀਵ ਜੰਤੂਆਂ ਨੂੰ ਮਾਰਨ ਵਾਲੀਆਂ ਅਤੇ ਕੀੜੇਮਾਰ ਦਵਾਈਆਂ ਕਿਸਾਨਾਂ ਨੂੰ ਪੂਰਤੀ ਕਰਕੇ ਉਨ੍ਹਾਂ ਦੀ ਸੇਵਾ ਕਰਦਾ ਹੈ। ਇਹ ਸਰਕਾਰ ਦੀ ਤਰਫ ਤੋਂ ਵਾਜਬ ਕੀਮਤਾਂ ਤੇ ਜਿਣਸ ਦੀ ਖ੍ਰੀਦ ਕਰਦਾ ਹੈ ਅਤੇ ਕਿਸਾਨਾਂ ਦੀ ਉਪਜ ਖਾਸ ਕਰਕੇ ਕਣਕ, ਝੋਨਾ, ਕਪਾਹ ਅਤੇ ਸੂਰਜਮੁਖੀ ਦੀ ਉਨ੍ਹਾਂ ਨੂੰ ਘੱਟੋ-ਘੱਟ (ਐਮ.ਐਸ.ਪੀ) ਕੀਮਤ ਦੀ ਪ੍ਰਾਪਤੀ ਯਕੀਨੀ ਬਣਾਉਂਦਾ ਹੈ।ਰਾਜ ਅੰਦਰ ਕਿਸਾਨਾਂ ਨੂੰ ਰਸਾਇਣਕ ਖਾਦ ਦੀ ਪੂਰਤੀ ਕਰਨ ਵਾਲਾ ਸਹਿਕਾਰੀ ਖੇਤਰ ਦਾ ਇਹ ਇੱਕੋ ਇੱਕ ਸਭ ਤੋ ਵੱਡਾ ਸਪਲਾਇਰ ਹੈ। ਇਸਦੇ ਰਾਹੀਂ ਰਸਾਇਣਕ ਖਾਦ ਦੀ ਪੂਰਤੀ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਰਾਹੀਂ ਕਰਨ ਦੀ ਯੋਜਨਾਂ ਨੂੰ ਕਿਸਾਨਾਂ ਦੀ ਵੱਧ ਤੋ ਵੱਧ ਜਰੂਰਤ ਨੂੰ ਪੂਰਾ ਕਰਨ ਲਈ ਸਮੇਂ ਸਮੇਂ ਤੇ ਸੋਧਿਆ ਗਿਆ ਹੈ।

1 **ਖਰੀਦ :** ਇਹ ਮਾਰਕਫੈੱਡ ਦੀਆਂ ਪ੍ਰਮੁੱਖ ਗਤੀਵਿੱਧੀਆਂ ਵਿਚੋਂ ਇੱਕ ਹੈ।ਮਾਰਕਫੈੱਡ ਭਾਰਤ ਸਰਕਾਰ/ ਐਫ.ਸੀ.ਆਈ.ਲਈ ਕਣਕ, ਝੋਨਾ ਘੱਟੋਂ ਘੱਟ ਸਮਰਥਨ ਮੁੱਲ ਪਾਲਿਸੀ (ਐਮ.ਐਸ.ਪੀ.) ਤਹਿਤ ਖਰੀਦ ਕਰਦੀ ਹੈ।

ੳ) **ਕਣਕ:** ਵਿਚਾਰ ਅਧੀਨ ਸਮੇਂ ਦੌਰਾਨ ਕਣਕ ਦੀ ਖਰੀਦ ਅਤੇ ਡਿਸਪੈਚ ਹੇਠ ਅਨੁਸਾਰ ਹੈ:

**ਅੰਕੜੇ ਮਾਤਰਾ ਲੱਖ ਮੀ.ਟਨ**

| ਲੜੀ ਨੰ. | ਕਣਕ ਗਤੀਵਿਧੀ | 2014-15 | 2015-16 |
|---|---|---|---|
| 1 | ਖਰੀਦ | 26.07 | 20.98 |
| 2 | ਮੂਵਮੈਂਟ | 25.66 | 30.29 |

**ਅ)ਝੋਨਾ/ਚਾਵਲ**

ਮਾਰਕਫੈੱਡ ਵਲੋਂ ਝੋਨੇ ਦੀ ਵਿਚਾਰ ਅਧੀਨ ਸਮੇਂ ਦੌਰਾਨ ਖਰੀਦ ਅਤੇ ਸਬੰਧਤ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸਾਲ | ਬਜਟ | ਐਫ.ਸੀ.ਆਈ. ਨੂੰ ਚਾਵਲਾਂ ਦੀ ਸਪੁਰਦਗੀ (%) (ਵਿੱਤੀ ਸਾਲ) |
|---|---|---|
| 2014-15 | 26.90 lac MT | 89.77 (Upto March 2015) |
| 2015-16 | 31.40 lac MT | 99.18 (Upto March 2016) |

**2. ਐਗਰੀ-ਇੰਨਪੂਟਸ:-** ਮਾਰਕਫੈੱਡ ਪੰਜਾਬ ਰਾਜ ਵਿੱਚ ਸਹਿਕਾਰੀ ਸਭਾਵਾਂ ਰਾਹੀਂ ਖਾਦਾਂ, ਐਗਰੀਕੈਮੀਕਲਜ਼ ਅਤੇ ਬੀਜਾਂ ਆਦਿ ਦੇ ਵਿਤਰਣ ਦਾ ਕੰਮ ਕਰਦੀ ਹੈ ।

ੳ) **ਖਾਦਾਂ**-ਮਾਰਕਫੈੱਡ ਨੂੰ ਪੰਜਾਬ ਰਾਜ ਵਿੱਚ ਪਿਛਲੇ ਕਈ ਸਾਲਾਂ ਤੋਂ ਡੀ.ਏ.ਪੀ. ਖਾਦ ਦੀ ਸਹਿਕਾਰੀ ਸਭਾਵਾਂ ਰਾਹੀ ਖਰੀਦ/ਪ੍ਰਾਪਤੀ ਅਤੇ ਵੰਡ ਕਰਨ ਲਈ ਨੋਡਲ ਏਜੰਸੀ ਦੇ ਤੌਰ ਤੇ ਨਿਯੁਕਤ ਕੀਤਾ ਗਿਆ ਹੈ।ਰਾਜ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਮਾਰਕਫੈੱਡ ਤੇ ਨਿਰਭਰ ਕਰਦੀ ਹੈ।ਵਿਚਾਰ ਅਧੀਨ ਸਮੇਂ ਦੌਰਾਨ ਖਾਦਾਂ ਦੀ ਵਿਕਰੀ ਨਿਮਨ ਲਿਖਿਤ ਅਨੁਸਾਰ ਹੈ:-

**ਅੰਕੜੇ ਲੱਖ ਮੀਟਰਕ ਟਨ**

| **ਖਾਦਾਂ ਦੀ ਵੰਡ** | **2014-15** | **2015-16** |
|---|---|---|
| ਯੂਰੀਆ | 8.83 | 8.59 |
| ਡੀ.ਏ.ਪੀ. | 2.21 | 2.53 |
| ਹੋਰ ਖਾਦਾਂ | 0.01 | 0.01 |
| **ਕੁੱਲ ਖਾਦਾਂ** | 11.05 | 11.13 |

ਅ)**ਐਗਰੋ ਕੈਮੀਕਲਸ**–ਐਗਰੋ ਕੈਮੀਕਲਜ ਦੀ ਵਿਕਰੀ ਵਿਚਾਰ ਅਧੀਨ ਸਮੇਂ ਦੌਰਾਨ ਹੇਠ ਲਿਖੇ ਅਨੁਸਾਰ ਹੈ:–

| **ਐਗਰੋ ਕੈਮੀਕਲਜ** | **2014-15** | **2015-16** |
|---|---|---|
| ਵਿਕਰੀ (ਰੁਪਏ ਕਰੋੜਾਂ ਵਿੱਚ) | 80.35 | 67.22 |

3 **ਖਾਧ ਪਦਾਰਥਾਂ ਅਤੇ ਨਾਂ ਖਾਣਯੋਗ ਵਸਤਾਂ ਦਾ ਉਤਪਾਦਨ–** ਮਾਰਕਫੈਡ ਦੇ ਖੇਤੀ ਅਧਾਰਿਤ 4 ਪ੍ਰੋਸੈਸਿੰਗ ਯੂਨਿਟ ਹਨ,ਜਿਨ੍ਹਾਂ ਰਾਹੀਂ ਸੋਹਣਾ ਬਰਾਂਡ, ਵਨਾਸਪਤੀ,ਰੀਫਾਈਂਡ ਤੇਲ, ਡੱਬਾ ਬੰਦ ਫੂਡ ਵਸਤਾਂ ਅਤੇ ਪਸ਼ੂ ਖੁਰਾਕ ਦਾ ਉਤਪਾਦਨ ਕੀਤਾ ਜਾਂਦਾ ਹੈ।

4. **ਖਾਣ ਯੋਗ ਉਤਪਾਦ**

ੳ) **ਮਾਰਕਫੈਡ ਵਨਾਸਪਤੀ ਐਂਡ ਅਲਾਈਡ ਇੰਡਸਟਰੀਜ, ਖੰਨਾ–** ਵਨਾਸਪਤੀ ਅਤੇ ਰੀਫਾਈਂਡ ਤੇਲ ਦੀਆਂ ਅਲੱਗਅਲੱਗ ਕਿਸਮਾਂ ਦਾ ਜਿਵੇਂ ਕਿ ਕਾਟਨਸੀਡ, ਸੂਰਜਮੁੱਖੀ, ਸਰ੍ਹੋਂ, ਮੂੰਗਫਲੀ ਅਤੇ ਸੋਇਆਬੀਨ ਦੇ ਤੇਲ ਦਾ ਉਤਪਾਦਨ ਕਰਦਾ ਹੈ।ਇਹ ਯੂਨਿਟ ਕੱਚੀਘਾਣੀ ਅਤੇ ਪੱਕੀਘਾਣੀ ਸਰੋਂ ਦੇ ਤੇਲ ਦਾ ਉਤਪਾਦਨ ਵੀ ਕਰਦਾ ਹੈ।ਚੰਗੀ ਮਾਰਕੀਟਿੰਗ/ਬੰਦੋਬਸਤ ਲਈ ਇਹ ਪਲਾਂਟ ਵਨਾਸਪਤੀ, ਆਟਾ ਅਤੇ ਨਮਕ ਬਾਹਰੀ ਸੋਮਿਆਂ ਤੋਂ ਵੀ ਪ੍ਰਾਪਤ ਕਰਦਾ ਹੈ। ਵਨਾਸਪਤੀ ਅਤੇ ਤੇਲਾਂ ਦਾ ਵਿਚਾਰ ਅਧੀਨ ਸਮੇਂ ਦੌਰਾਨ ਉਤਪਾਦਨ/ਵਿਕਰੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:–

| **ਖੰਨਾ ਪਲਾਂਟ** | **2014-15** | **2015-16** |
|---|---|---|
| ਵਨਾਸਪਤੀ ਅਤੇ ਤੇਲ, ਉਤਪਾਦਨ (ਕਿਲੋ.ਲੀ.) | 23687 | 23001 |
| ਵਨਾਸਪਤੀ ਅਤੇ ਤੇਲ, ਵਿਕਰੀ (ਕਿਲੋ.ਲੀ.) | 24198 | 23321 |
| ਆਟਾ (ਐਮ.ਟੀ.) | 314 | 789 |
| ਨਮਕ (ਐਮ.ਟੀ.) | 662 | 329 |

**ਅ)** **ਮਾਰਕਫੈਡ ਕੈਨਰੀਜ਼, ਜਲੰਧਰ**–ਦੁਆਰਾ ਖਾਣ ਲਈ ਤਿਆਰ ਡੱਬਾਬੰਦ ਫੂਡ ਵਸਤਾਂ ਜਿਵੇਂ ਕਿ ਸਰੋਂ ਦਾ ਸਾਗ, ਦਾਲ, ਮਟਰਪਨੀਰ, ਸ਼ਹਿਦ, ਚਟਪਟਾ ਚਨਾ,ਕੜ੍ਹੀ ਪਕੌੜਾ, ਪਾਲਕ ਪਨੀਰ, ਕਾਲਾ ਚਨਾ, ਰਾਜਮਾਹ, ਆਲੂ ਮੇਥੀ, ਆਲੂ ਪਾਲਕ ਆਦਿ ਤਿਆਰ ਕੀਤੇ ਜਾਂਦੇ ਹਨ।ਇਸ ਤੋਂ ਇਲਾਵਾ ਬੋਤਲ ਬੰਦ ਵਸਤਾਂ ਜਿਵੇਂ ਕਿ ਟਮੈਟੋਕੈਚਅੱਪ, ਟੋਮੈਟੋਪਿਊਰੀ, ਮਿਕਸਡ ਫਰੂਟ ਜੈਮ, ਸਿਰਕਾ, ਸ਼ਹਿਦ ਅਤੇ ਫਲਾਂ ਦੇ ਜੂਸ ਆਦਿ ਦਾ ਵੀ ਉਤਪਾਦਨ ਕੀਤਾ ਜਾਂਦਾ ਹੈ।ਇਹ ਮੁੱਖ ਤੌਰ ਤੇ ਨਿਰਯਾਤ ਸਨਮੁੱਖ ਯੂਨਿਟ ਹੈ ਅਤੇ 80% ਉੱਤਰ ਭਾਰਤੀ ਦੇ ਐਥਨਿਕ ਫੂਡ ਦਾ ਨਿਰਯਾਤ ਅਮਰੀਕਾ, ਕਨਾਡਾ, ਯੋਰਪ, ਮਿਡਲਈਸਟ, ਆਸਟ੍ਰੇਲੀਆ, ਨਿਊਜੀਲੈਂਡ ਆਦਿ ਮੁਲਕਾਂ ਨੂੰ ਕੀਤਾ ਜਾਂਦਾ ਹੈ।ਇਸ ਯੂਨਿਟ ਦੁਆਰਾ ਭਾਰਤੀ ਸੈਨਾ ਨੂੰ ਆਰਮੀ ਪ੍ਰਚੇਜ ਆਰਗੇਨਾਈਜੇਸ਼ਨ (ਏ.ਪੀ.ਓ.)ਰਾਹੀਂ ਮਾਲ ਸਪਲਾਈ ਵੀ ਕੀਤਾ ਜਾਂਦਾ ਹੈ।ਹਾਲ ਵਿੱਚ ਮਾਰਕਫੈੱਡ ਕੈਨਰੀਜ ਜਲੰਧਰ ਦੁਆਰਾ ਪਾਲਕ ਪਿਊਰੀ ਦਾ ਉਤਪਾਦਨ ਸ਼ੁਰੂ ਕੀਤਾ ਗਿਆ।

**ਪ੍ਰੋਜੈਕਟ ਸਥਾਪਿਤ ਕੀਤੇ ਗਏ**

1972 ਵਿੱਚ ਬਣੀ ਇਸ ਇਕਾਈ ਵਿੱਚ ਤਕਨੀਕੀ ਬਦਲਾਵ ਦੀ ਲੋੜ ਨੂੰ ਵੇਖਦਿਆਂ, ਉਤਪਾਦਨ ਖਿਮਤਾ ਨੂੰ ਵਧਾਉਦਿਆਂ ਇਕ ਨਵੀਂ ਕੈਨਰੀਜ ਦੀ ਸਥਾਪਨਾ ਪਿੰਡ ਚੂਹੜਵਾਲੀ, ਜਿਲ੍ਹਾ ਜਲੰਧਰ ਵਿਖੇ ਕੀਤੀ ਗਈ ਹੈ,ਜਿਸਨੂੰ ਸਾਲ 2015-16 ਵਿੱਚ ਚਾਲੂ ਕੀਤਾ ਗਿਆ ਹੈ।ਵਿਚਾਰ ਅਧੀਨ ਸਮੇਂ ਦੌਰਾਨ ਉਤਪਾਦਨ ਅਤੇ ਵਿਕਰੀ ਦਾ ਵੇਰਵਾ ਨਿਮਨ ਲਿਖਿਤ ਅਨੁਸਾਰ ਹੈ:-

| **ਵੇਰਵਾ** | **2014-15** | **2015-16** |
|---|---|---|
| ਉਤਪਾਦਨ(ਐਮ.ਟੀ.) | 2025 | 1805 |
| ਵਿਕਰੀ(ਸਮੇਤ ਨਿਰਯਾਤ) (ਲੱਖ ਰੁਪਏ) | 1852 | 1728 |
| ਨਿਰਯਾਤ( ਲੱਖ ਰੁਪਏ) | 1476 | 1415 |

5) **ਮਾਰਕਫੈਡ ਐਮ.ਆਰ.ਐਮ. ਨਵਾਂ ਸ਼ਹਿਰ ਬਾਸਮਤੀ:**-ਮਾਰਕਫੈੱਡ ਮਾਡਰਨ ਰਾਈਸ ਮਿੱਲ, ਨਵਾਂ ਸ਼ਹਿਰ ਆਪਣੀ ਬਾਸਮਤੀ ਚਾਵਲ ਦੀ ਕੁਆਲਟੀ ਕਰਕੇ ਦੁਨੀਆਂ ਭਰ ਵਿੱਚ ਜਾਣਿਆ ਜਾਂਦਾ ਹੈ।ਮਾਰਕਫੈੱਡ ਪਾਕਿਸਤਾਨੀ ਬਾਸਮਤੀ ਬੀ.386, ਪੀ.ਬੀ.1121, ਪੀ.ਬੀ.-1 ਅਤੇ ਸ਼ਰਬਤੀ ਕਿਸਮ ਦੀ ਬਾਸਮਤੀ ਵੀ ਤਿਆਰ ਕਰਦੀ ਹੈ।ਵਿਚਾਰ ਅਧੀਨ ਸਮੇਂ ਦੌਰਾਨ ਵਿਕਰੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

| **ਬਾਸਮਤੀ ਰਾਈਸ** | **2014-15** | **2015-16** |
|---|---|---|
| ਘਰੇਲੂ ਵਿਕਰੀ ਐਮ.ਟੀ. | 665.60 | 518.41 |
| ਨਿਰਯਾਤ ਐਮ.ਟੀ. | 52.22 | 30.98 |
| ਕੁੱਲ ਐਮ.ਟੀ. | 717.82 | 549.39 |

**ਨਾਨ ਬਾਸਮਤੀ :-** ਚਾਵਲ ਮਿਲਿੰਗ ਦੀ ਵਿਚਾਰ ਅਧੀਨ ਸਮੇਂ ਦੌਰਾਨ ਪ੍ਰਗਤੀ ਹੇਠ ਲਿਖੇ ਅਨੁਸਾਰ ਹੈ:-

| **ਵੇਰਵਾ** | **2014-15** | **2015-16** |
|---|---|---|
| ਪੈਡੀ ਭੰਡਾਰ (ਐਮ.ਟੀ.) | 4000 | 3678 |
| ਪੈਡੀ ਮਿਲਡ (ਐਮ.ਟੀ.) | 3446 | 3678 |
| ਚਾਵਲ ਉਤਪਾਦਨ (ਐਮ.ਟੀ.) | 2048 | 2206 |
| ਚਾਵਲ ਦੀ ਐਫ.ਸੀ.ਆਈ. ਨੂੰ ਸਪੁਰਦਗੀ (ਐਮ.ਟੀ.) | 2409 | 2106 |

6) **ਨਾਨ ਐਡੀਬਲ ਪਲਾਂਟ**-ਮਾਰਕਫੈੱਡ ਕੋਲ ਕਪੂਰਥਲਾ ਅਤੇ ਗਿੱਦੜਬਾਹਾ ਵਿਖੇ ਦੋ ਪਸ਼ੂ ਖੁਰਾਕ ਯੂਨਿਟ ਹਨ,ਜਿਨਾਂ ਰਾਹੀਂ ਕੈਟਲਫੀਡ ਦਾ ਉਤਪਾਦਨ ਕੀਤਾ ਜਾਂਦਾ ਹੈ।ਵਿਚਾਰ ਅਧੀਨ ਸਮੇਂ ਦੌਰਾਨ ਪ੍ਰਗਤੀ ਹੇਠ ਲਿਖੇ ਅਨੁਸਾਰ ਹੈ:-

| **ਕੈਟਲਫੀਡ** | **2014-15** | **2015-16** |
|---|---|---|
| ਉਤਪਾਦਨ (ਐਮ.ਟੀ.) | 89,363 | 80,713 |
| ਵਿਕਰੀ (ਐਮ.ਟੀ.) | 88,947 | 80,823 |

**ਐਗਰੀ ਐਕਸਪੋਰਟ ਜੋਨ (ਏ.ਈ.ਜੈਡ) :-**2014-15 ਅਤੇ 2015-16 ਦੌਰਾਨ ਏ.ਈ.ਜੈੱਡ ਮਾਰਕਫੈੱਡ ਨੇ ਹੇਠ ਲਿਖੇ ਅਨੁਸਾਰ ਕੰਮ ਕੀਤਾ ਹੈ :-

| 2014-15 | 2015-16 |
|---|---|
| ਮਾਰਕਫੈੱਡ ਆਲੂਆਂ ਦੀ ਨੋਡਲ ਏਜੰਸੀ ਹੋਣ ਕਾਰਨ, ਗਲੋਬਲ ਜੀ.ਏ.ਪੀ. ਰਾਹੀਂ ਆਲੂਆਂ ਦਾ ਉਤਪਾਦਨ ਅਤੇ ਗੁਣਵਤਾ ਨੂੰ ਵਧਾਉਂਦਾ ਹੈ । ਲੇਕਿਨ, ਸਬਸਿਡੀ ਨਾ ਮਿਲਣ ਕਾਰਨ, ਇਹ ਗਤੀਵਿਧੀ ਰੋਕ ਦਿੱਤੀ ਗਈ ਸੀ । | ਇਸ ਸਾਲ ਦੌਰਾਨ ਇਹ ਫੈਸਲਾ ਲਿਆ ਗਿਆ ਕਿ :<br>1. ਪੰਜਾਬ ਰਾਜ ਵਿੱਚ ਮਧੂਮੱਖੀ ਪਾਲਕਾਂ ਦੇ ਸਹਿਯੋਗ ਲਈ ਪਿੰਡ ਚੂਹੜਵਾਲੀ ਵਿਖੇ ਇੱਕ ਸ਼ਹਿਦ ਪ੍ਰੋਸੈਸਿੰਗ ਯੂਨਿਟ ਲਗਾਇਆ ਜਾਣਾ ਹੈ।ਇਸ ਲਈ ਅਪੇਡਾ ਨੇ 8 ਕਰੋੜ ਰੁਪਏ ਦੀ ਗਰਾਂਟ ਦੇਣ ਦੀ ਮੰਨਜੂਰੀ ਦਿੱਤੀ ਸੀ।<br>2 ਮਸ਼ਰੂਮ ਦੀ ਕੈਨ ਪੈਕਿੰਗ ਦਾ ਟਰਾਇਲ ਲਿਆ ਗਿਆ। |

7. **ਕਪਾਹ–** ਮਾਰਕਫੈੱਡ ਕਪਾਹ ਦੀਆਂ ਪ੍ਰੈਸਡ ਗੱਠਾਂ ਦਾ ਵੀ ਬਿਜਨਸ ਕਰਦਾ ਹੈ:-

| ਕਪਾਹ | 2014-15 | 2015-16 |
|---|---|---|
| ਕਪਾਹ ਦੀਆਂ ਗੰਢਾਂ ਦੀ ਖਰੀਦ (ਗਿਣਤੀ) | 26150 | 1581 |

ਰਿਪੋਰਟ ਅਧੀਨ ਸਾਲ ਦੋਰਾਨ ਇਸ ਸੰਘ ਦੀਆਂ ਪ੍ਰਾਪਤੀਆਂ ਹੇਠ ਅਨੁਸਾਰ ਦਿੱਤੀਆਂ ਗਈਆਂ ਹਨ:-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਕੁੱਲ ਹਿੱਸੇਦਾਰੀ | 2654.21 | 2651.37 |
| 2 | ਆਪਣੇ ਫੰਡ | 31398.48 | 28744.27 |
| 3 | ਕਾਰਜ ਪੂੰਜੀ | 120798.28 | 1225408.63 |
| 4 | ਖ੍ਰੀਦ ਕੀਤੀ ਗਈ ਖੇਤੀ ਉਪਜ ਦੀ ਕੀਮਤ | 93598.26 | 91790.05 |
| 5 | ਕਾਰੋਬਾਰੀ ਲੈਣ ਦੇਣ | 2633692.06 | 2647593.96 |

- **ਪ੍ਰਾਇਮਰੀ ਸਹਿਕਾਰੀ ਮੰਡੀਕਰਣ ਸਭਾਵਾਂ।**

ਸਾਲ 2015-16 ਦੇ ਅੰਤ ਤੇ ਰਾਜ ਅੰਦਰ 83 ਪ੍ਰਾਇਮਰੀ ਸਹਿਕਾਰੀ ਮੰਡੀਕਰਣ ਸਭਾਵਾਂ ਸਨ, ਜਿਨ੍ਹਾ ਵਿੱਚੋ 76 ਕੰਮ ਕਰ ਰਹੀਆਂ ਸਨ, 6 ਸਮਾਪਤੀ ਅਧੀਨ ਸਨ।ਇਨ੍ਹਾਂ ਸਹਿਕਾਰੀ ਮੰਡੀਕਰਣ ਸਭਾਵਾਂ ਦੁਆਰਾ ਕੀਤੀ ਗਈ ਪ੍ਰਗਤੀ ਹੇਠ ਲਿਖੇ ਅਨੁਸਾਰ ਹੈ :-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਸਹਿਕਾਰੀ ਮੰਡੀਕਰਣ ਸਭਾਵਾਂ ਦੀ ਗਿਣਤੀ | 82 | 83 |
| 2 | ਮੈਬਰਾਂ ਦੀ ਗਿਣਤੀ | 60041 | 56311 |
| 3 | ਹਿੱਸੇਦਾਰੀ | 112.38 | 119.49 |
| 4 | ਆਪਣੇ ਫੰਡ | 3953.09 | 4455.29 |
| 5 | ਕਾਰਜਪੂੰਜੀ | 7854.54 | 7857.62 |
| 6 | ਖਰੀਦ ਕੀਤੀ ਗਈ ਖੇਤੀ ਉਪਜ ਦੀ ਕੀਮਤ | 192202.33 | 192468.64 |

ਰਿਪੋਰਟ ਅਧੀਨ ਸਾਲ ਦੌਰਾਨ ਉਪਰ ਦਿਤੀਆਂ 83 ਸਹਿਕਾਰੀ ਮੰਡੀਕਰਣ ਸਭਾਵਾਂ ਵਿੱਚੋਂ 69 ਸਭਾਵਾਂ ਨੇ 871.21 ਲੱਖ ਰੁਪਏ ਦਾ ਮੁਨਾਫਾ ਕਮਾਇਆ ਸੀ ਅਤੇ 8 ਸਭਾਵਾਂ 41.92 ਲੱਖ ਰੁਪਏ ਦੇ ਘਾਟੇ ਵਿੱਚ ਸਨ ਅਤੇ 6 ਸਭਾਵਾਂ ਨਾ ਲਾਭ ਨਾ ਹਾਨੀ ਵਿੱਚ ਹਨ।

- **ਦੁੱਧ ਸਹਿਕਾਰੀ ਸਭਾਵਾਂ**

ਸ਼ਿਖਰ ਪੱਧਰ ਤੇ ਦੀ ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾਂ ਦਾ ਸੰਘ (ਮਿਲਕਫੈਡ), ਕੇਂਦਰੀ ਪੱਧਰ ਤੇ ਜਿਲ੍ਹਾ ਸਹਿਕਾਰੀ ਦੁੱਧ ਉਤਪਾਦਕਾਂ ਦੀਆਂ ਯੂਨੀਅਨਾਂ ਅਤੇ ਪ੍ਰਾਇਮਰੀ ਪੱਧਰ ਤੇ ਪ੍ਰਾਇਮਰੀ ਸਹਿਕਾਰੀ ਦੁੱਧ ਉਤਪਾਦਕਾਂ ਦੀਆਂ ਸਭਾਵਾਂ, ਦੁੱਧ ਉਤਪਾਦਕਾਂ ਦੀ ਸੇਵਾ ਕਰ ਰਹੀਆਂ ਹਨ। ਇਨ੍ਹਾਂ ਸਹਿਕਾਰੀ ਸਭਾਵਾਂ ਦੀ ਬਦੋਲਤ ਅੱਜ ਦੇ ਕਿਸਾਨ ਜਿਆਦਾ ਸੂਚਨਾ ਅਤੇ ਤਕਨੀਕੀ ਜਾਣਕਾਰੀ ਨਾਲ ਲੈਸ ਹਨ। ਸਹਿਕਾਰੀ ਦੁੱਧ ਅੰਦੋਲਨ ਦਾ ਮੁੱਢਲਾ ਨਿਸ਼ਾਨਾ ਸਾਰਾ ਸਾਲ ਪਿੰਡ ਪੱਧਰ ਤੇ ਵਾਧੂ ਦੁੱਧ ਦੇ ਇਕ ਤੁਬਕੇ ਤੱਕ ਦਾ ਮੰਡੀਕਰਣ ਯਕੀਨੀ ਕਰਾਉਣਾ ਅਤੇ ਵਾਜਬ ਕੀਮਤ ਦਿਵਾਉਣਾ ਹੈ ਅਤੇ ਸਹਿਕਾਰੀ ਸਭਾਵਾਂ ਦੀ ਅਤੇ ਉਨ੍ਹਾਂ ਦੇ ਉਤਪਾਦਕ ਮੈਂਬਰਾਂ ਦੀ ਆਮਦਨ ਨੂੰ ਵਧਾਉਣਾ ਹੈ ਤਾਂ ਜੋ ਕਿਸਾਨਾਂ ਦੇ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਵਿੱਚ ਯੋਗਦਾਨ ਪਾਇਆ ਜਾ ਸਕੇ।

## ਦੀ ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾਂ ਦਾ ਸੰਘ ਲਿਮ. ਚੰਡੀਗੜ੍ਹ।

ਦੀ ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾਂ ਦਾ ਸੰਘ (ਮਿਲਕਫੈਡ) ਮਿਤੀ 01-12-1973 ਨੂੰ ਤਿੰਨ ਮੈਂਬਰਾਂ ਨਾਲ ਰਜਿਸਟਰ ਕੀਤੀ ਗਈ ਸੀ। ਇਹ ਜਿਲ੍ਹਾ ਸਹਿਕਾਰੀ ਦੁੱਧ ਉਤਪਾਦਕਾਂ ਦੀਆਂ ਯੂਨੀਅਨਾਂ ਦੀ ਸ਼ਿਖਰ ਸੰਸਥਾ ਹੈ ਅਤੇ ਰਾਜ ਅੰਦਰ ਉਪਰੇਸ਼ਨ ਫਲੱਡ ਪ੍ਰੋਗਰਾਮ ਨੂੰ ਲਾਗੂ ਕਰਨ ਵਾਲੀ ਸੰਸਥਾ ਹੈ। ਇਸ ਦਾ ਮੁੱਢਲਾ ਨਿਸ਼ਾਨਾਂ ਯੂਨੀਅਨਾਂ ਦੇ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਲਈ ਸਥਾਈ ਮੰਡੀ ਪ੍ਰਦਾਨ ਕਰਨਾ ਹੈ। ਸਾਲ ਦੇ ਅੰਤ ਤੇ ਇਸ ਸੰਘ ਦੇ ਮੈਂਬਰਾਂ ਦੀ ਗਿਣਤੀ 12 ਸੀ ਜਿਸ ਵਿੱਚ 11 ਮਿਲਕ ਯੂਨੀਅਨਾਂ ਅਤੇ ਰਾਜ ਸਰਕਾਰ ਸ਼ਾਮਲ ਹਨ। ਇਸ ਸੰਘ ਨੇ ਹਰ ਇੱਕ ਦੁੱਧ ਯੂਨੀਅਨ ਨੂੰ ਮੁੜ ਸ਼ਕਤੀ ਪ੍ਰਦਾਨ ਕਰਨ ਹਿੱਤ ਯੋਜਨਾ ਬਣਾਈ ਹੈ। ਮਿਲਕਫੈਡ ਆਪਣੇ ਖੇਤਰੀ ਦਫਤਰਾਂ ਦੇ ਜਾਲ ਅਤੇ ਮਜ਼ਬੂਤ ਵੰਡ ਪ੍ਰਣਾਲੀ ਰਾਹੀਂ ਦੇਸ਼ ਵਿਆਪੀ ਖਪਤਕਾਰਾਂ ਦੀ ਸੇਵਾ ਕਰ ਰਹੀ ਹੈ। ਇਹ ਦੁੱਧ ਤੋਂ ਬਣੀਆਂ ਵਸਤਾਂ ਦੀਆਂ ਕਾਫੀ ਕਿਸਮਾਂ ਦਾ ਮੰਡੀਕਰਣ ਕਰਦੀ ਹੈ, ਜਿਨ੍ਹਾਂ ਵਿੱਚ ਤਰਲ ਦੁੱਧ, ਕਰੀਮ ਰਹਿਤ ਦੁੱਧ, ਦੁੱਧ ਪਾਉਡਰ, ਬੱਚਿਆਂ ਦੀ ਖੁਰਾਕ, ਖੋਆ, ਘੀ, ਮੱਖਣ, ਪਨੀਰ, ਆਈਸ ਕਰੀਮ, ਲੱਸੀ ਅਤੇ ਮਾਲਟਡ ਫੂਡ ਆਦਿ ਹਨ। ਇਸ ਦੀ ਆਈਸ ਕਰੀਮ ਜੋ ਕਿ ਮਿਲਕ ਪਲਾਂਟ ਚੰਡੀਗੜ੍ਹ ਵਿਖੇ ਤਿਆਰ ਕੀਤੀ ਜਾਂਦੀ ਹੈ ਪੰਜਾਬ ਦੇ ਮੁੱਖ ਕਸਬਿਆਂ ਅਤੇ ਪੰਜਾਬ ਤੋਂ ਬਾਹਰ ਵੇਚੀ ਜਾਂਦੀ ਹੈ।ਦੁੱਧ ਉਤਪਾਦਕ ਮੈਂਬਰਾਂ ਨੂੰ ਮਿਲਕ ਯੂਨੀਅਨਾਂ ਤਕਨੀਕੀ ਸੇਵਾਵਾਂ ਮੁਹੱਈਆ ਕਰਾਉਂਦੀਆਂ ਹਨ।ਰਾਜ ਵਿੱਚ 202 ਨਕਲੀ ਗਰਭ ਧਾਰਣ ਕੇਂਦਰ ਹਨ।ਇੱਕ ਮਹੀਨੇ ਦੋਰਾਨ ਲਗਭਗ 26000 ਬਿਮਾਰ ਪਸ਼ੂਆਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਲਗਭਗ 21000 ਪਸ਼ੂਆਂ ਦਾ ਪੈਰ ਅਤੇ ਮੂੰਹ ਦੀ ਬਿਮਾਰੀ ਲਈ " Animal Health Care Pragramme" ਤਹਿਤ ਹਰ ਸਾਲ ਟੀਕਾ ਕਰਣ ਕੀਤਾ ਜਾਂਦਾ ਹੈ।ਸੰਘ ਦੀ ਮੁਕੰਮਲ ਸਥਿਤੀ ਹੇਠਾਂ ਦਿੱਤੀ ਗਈ ਹੈ:-

(ਰਕਮ ਲੱਖਾ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਹਿੱਸੇਦਾਰੀ | 3072.42 | 3072.42 |
| 2 | ਆਪਣੇ ਫੰਡ | 8252.62 | 9876.06 |
| 3 | ਕਾਰਜ ਪੂੰਜੀ | 22851.78 | 12945.46 |
| 4 | ਲਾਭ | +140.19 | +420.37 |
| 5 | ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਦੀ ਵਿਕਰੀ | 17991.70 | 19704.55 |
| 6 | ਕਾਰੋਬਾਰੀ ਲੈਣ ਦੇਣ | 33583.86 | 33265.85 |

## ਜਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾਂ

ਰਿਪੋਰਟ ਅਧੀਨ ਸਾਲ ਦੇ ਅੰਤ ਤੇ 11 ਜਿਲ੍ਹਾ ਸਹਿਕਾਰੀ ਦੁੱਧ ਉਤਪਾਦਕ ਯੂਨੀਅਨਾ (ਡੀ.ਸੀ.ਐਮ.ਪੀ.ਯੂ) ਸਨ ਜਿਨ੍ਹਾ ਵਿੱਚੋਂ 10 ਦੇ ਆਪਣੇ ਦੁੱਧ ਦੇ ਕਾਰਖਾਨੇ ਸਨ।ਇਨ੍ਹਾ ਯੂਨੀਅਨਾ ਦੇ ਮੈਂਬਰਾਂ ਦੀ ਗਿਣਤੀ 7287 ਸੀ। ਦੁੱਧ ਯੂਨੀਅਨਾਂ ਆਪਣੇ ਦੁੱਧ ਉਤਪਾਦਕ ਮੈਂਬਰਾਂ ਨੂੰ ਆਪਣੇ 202 ਮਨਸੂਈ ਗਰਭਦਾਨ ਕੇਂਦਰਾਂ ਰਾਹੀਂ ਤਕਨੀਕੀ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਦੁੱਧ ਯੂਨੀਅਨ ਲੁਧਿਆਣਾ ਏਮਬਰੀਇਓ ਟਰਾਂਸਫਰ ਸਹੂਲਤ ਪ੍ਰਦਾਨ ਕਰ ਰਹੀ ਹੈ ਅਤੇ ਦੁੱਧ ਦੀ ਪੈਦਾਵਾਰ ਵਧਾਉਣ ਹਿੱਤ ਇਸ ਦਾ ਦੁਧਾਰੂ ਪਸੂਆਂ ਦਾ ਸੁਧਾਰ ਕਰਨ ਵਿੱਚ ਵੀ ਆਪਣਾ ਮਹੱਤਵ ਹੈ।ਡੀ.ਸੀ.ਐਮ.ਪੀ. ਯੂਨੀਅਨਾਂ ਦੀ ਮੁਕੰਮਲ ਸਥਿਤੀ ਹੇਠਾਂ ਦਿੱਤੀ ਗਈ ਹੈ:-

(ਰਕਮ ਲੱਖਾ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਹਿੱਸੇਦਾਰੀ | 2006.21 | 2019.86 |
| 2 | ਆਪਣੇ ਫੰਡ | 17610.53 | 15681.49 |
| 3 | ਕਾਰਜ ਪੂੰਜੀ | 57580.14 | 53288.10 |
| 4 | ਕਾਰੋਬਾਰੀ ਲੈਣਦੇਣ | 509780.05 | 444476.33 |
| 5 | ਦੁੱਧ ਅਤੇ ਦੁੱਧ ਦੀਆਂ ਤਿਆਰ ਕੀਤੀਆਂ ਵਸਤਾਂ | 170138.03 | 163234.25 |
| 6 | ਦੁੱਧ ਅਤੇ ਦੁੱਧ ਦੀਆਂ ਵਸਤਾਂ ਦੀ ਕੀਤੀ ਗਈ ਵਿਕਰੀ (ਕੀਮਤ) | 203548.21 | 223871.35 |

ਰਿਪੋਰਟ ਅਧੀਨ ਸਾਲ ਦੌਰਾਨ 7 ਮਿਲਕ ਯੂਨੀਅਨਾਂ 2039.00 ਲੱਖ ਰੁਪਏ ਦੇ ਲਾਭ ਵਿੱਚ ਹਨ ਅਤੇ 3 ਮਿਲਕ ਯੂਨੀਅਨਾਂ 741.05 ਲੱਖ ਰੁਪਏ ਦੇ ਘਾਟੇ ਵਿੱਚ ਸਨ ਅਤੇ 1 ਯੂਨੀਅਨ ਨਾ ਲਾਭ ਨਾ ਹਾਨੀ ਵਿੱਚ ਹੈ।

## ਪ੍ਰਾਇਮਰੀ ਸਹਿਕਾਰੀ ਦੁੱਧ ਉਦਪਾਦਕ ਸਭਾਵਾਂ

ਮਿਤੀ 31.3.2016 ਨੂੰ 6304 ਪ੍ਰਾਇਮਰੀ ਸਹਿਕਾਰੀ ਦੁੱਧ ਉਤਪਾਦਕ ਸਭਾਵਾਂ ਸਨ,ਜਿਨ੍ਹਾਂ ਦੇ ਮੈਂਬਰਾਂ ਦੀ ਗਿਣਤੀ 473158 ਸੀ।ਪਿੰਡ ਪੱਧਰ ਦੀਆਂ ਸਹਿਕਾਰੀ ਸਭਾਵਾਂ ਤੋਂ ਨਿੱਜੀ ਵਾਹਨਾ ਰਾਹੀਂ ਦੁੱਧ ਇਕੱਠਾ ਕੀਤਾ ਜਾਂਦਾ ਹੈ, ਜੋ ਕਿ 5556 ਵਿਅਕਤੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਰਹੇ ਹਨ।ਪ੍ਰਗਤੀ ਸਾਰਣੀ ਹੇਠ ਲਿਖੇ ਅਨੁਸਾਰ ਹੈ:-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਹਿਸੱਦਾਰੀ | 245.60 | 254.47 |
| 2 | ਆਪਣੇ ਫੰਡ | 6077.56 | 5762.97 |
| 3 | ਕਾਰਜ ਪੂੰਜੀ | 10228.08 | 10873.26 |
| 4 | ਕਾਰੋਬਾਰੀ ਲੈਣ ਦੇਣ | 167006.41 | 225777.53 |
| 5 | ਖ੍ਰੀਦ ਕੀਤੇ ਦੁੱਧ ਦੀ ਕੀਮਤ | 57360.36 | 66561.19 |
| 6 | ਵੇਚੇ ਗਏ ਦੁੱਧ ਦੀ ਕੀਮਤ | 59611.05 | 95493.54 |

## ਚੀਨੀ ਸਹਿਕਾਰੀ ਸਭਾਵਾਂ।

ਗੰਨਾ ਉਤਪਾਦਕਾਂ ਨੂੰ ਗੰਨੇ ਦੀ ਵਾਜਬ ਕੀਮਤ ਯਕੀਨੀ ਬਣਾਉਣ ਲਈ ਚੀਨੀ ਸਹਿਕਾਰੀ ਸਭਾਵਾਂ ਸਥਾਪਿਤ ਕੀਤੀਆਂ ਗਈਆਂ ਸਨ।ਸਹਿਕਾਰੀ ਚੀਨੀ ਮਿੱਲਾਂ ਨੂੰ ਹੋਰ ਉੱਚਾ ਚੁੱਕਣ ਲਈ ਅਤੇ ਉਨ੍ਹਾਂ ਨੂੰ ਅਗਵਾਈ ਸੇਵਾਵਾਂ ਦੇਣ ਲਈ ਮਿਤੀ 26-10-1966 ਨੂੰ ਦੀ ਪੰਜਾਬ ਰਾਜ ਸਹਿਕਾਰੀ ਚੀਨੀ ਮਿੱਲ ਫੈਡਰੇਸ਼ਨ ਲਿਮ. ਸਥਾਪਿਤ ਕੀਤੀ ਗਈ ਸੀ।ਮਿਤੀ 31-03-2016 ਨੂੰ 15 ਸਹਿਕਾਰੀ ਚੀਨੀ ਮਿਲਾਂ ਅਤੇ ਰਾਜ ਸਰਕਾਰ ਨਾਲ ਇਸ ਸੰਘ ਦੇ ਮੈਂਬਰਾਂ ਦੀ ਗਿਣਤੀ 16 ਬਣਦੀ ਸੀ।ਇਹ ਸੰਘ ਸਹਿਕਾਰੀ ਚੀਨੀ ਮਿਲਾਂ ਦੇ ਹਿੱਤਾਂ ਦਾ ਰਾਸ਼ਟਰੀ ਪੱਧਰ ਅਤੇ ਰਾਜ ਪੱਧਰ ਤੇ ਧਿਆਨ ਰੱਖਦੀ ਹੈ।ਇਹ ਸਹਿਕਾਰੀ ਚੀਨੀ ਮਿੱਲਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਜਿਵੇਂ ਕਿ ਤਕਨੀਕੀ, ਪ੍ਰਬੰਧਕੀ, ਵਿੱਤੀ ਸੇਵਾਵਾਂ ਆਦਿ ਮੁਹੱਈਆ ਕਰਾਉਂਦੀ ਹੈ। ਇਹ ਸਹਿਕਾਰੀ ਚੀਨੀ ਮਿੱਲਾਂ ਨੂੰ ਟੈਕਸ ਕਾਨੂੰਨਾਂ, ਸਹਿਕਾਰੀ ਕਾਨੂੰਨ ਅਤੇ ਉਨ੍ਹਾਂ ਦੀਆਂ ਹੋਰ ਸਮੱਸਿਆਵਾਂ ਸਬੰਧੀ ਅਗਵਾਈ ਪ੍ਰਦਾਨ ਕਰਦੀ ਹੈ।

## ਸਹਿਕਾਰੀ ਖੰਡ ਮਿੱਲਾਂ ਦੀਆਂ ਸਾਲ 2015-16 ਦੀਆਂ ਪ੍ਰਾਪਤੀਆਂ

ਸਹਿਕਾਰੀ ਖੰਡ ਮਿੱਲਾਂ ਨੇ ਸਾਲ 2014-15 ਵਿੱਚ 184.68 ਲੱਖ ਕੁਇੰਟਲ ਗੰਨਾ ਪਿੜਿਆ ਸੀ।ਇਸ ਦੇ ਮੁਕਾਬਲੇ ਸਾਲ 2015-16 ਵਿੱਚ 197.09 ਲੱਖ ਕੁਇੰਟਲ ਗੰਨਾ ਪਿੜਿਆ:-

| ਲੜੀ ਨੰ: | ਸਾਲ | ਗੰਨੇ ਦੀ ਪੜਾਈ (ਲੱਖ ਕੁਇੰਟਲ) | ਖੰਡ ਦੀ ਰਿਕਵਰੀ (%) | ਖੰਡ ਦੀ ਪੈਦਾਵਾਰ (ਲੱਖ ਕੁਇੰਟਲ) | ਗੰਨੇ ਹੇਠ ਰਕਬਾ (ਹੈਕਟੇਅਰ) |
|---|---|---|---|---|---|
| 1. | 2015-16 | 197.09 | 9.85 | 19.42 | 54778 |

ਸਹਿਕਾਰੀ ਖੰਡ ਮਿੱਲਾਂ ਸਾਲ 2014-15 ਵਿੱਚ ਗੰਨੇ ਹੇਠ ਕੁੱਲ ਰਕਬਾ 53264 ਹੈਕਟੇਅਰ ਸੀ ਜਿਹੜਾ ਕਿ ਸਾਲ 2015-16 ਵਿੱਚ ਵੱਧ ਕੇ 54778 ਹੈਕਟੇਅਰ ਹੋ ਗਿਆ ਹੈ ਅਤੇ 2016-17 ਵਿੱਚ ਇਹ ਵੱਧ ਕੇ 58262.60 ਹੈਕਟੇਅਰ ਹੋ ਜਾਵੇਗਾ।

ਸਹਿਕਾਰੀ ਖੰਡ ਮਿੱਲਾਂ ਰਾਜ ਸਰਕਾਰ ਦੁਆਰਾ ਸੁਝਾਈ ਕੀਮਤ (State Advised Price) ਜਿਹੜੀ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਮਤ (Fair Remunerative Price) ਨਾਲੋਂ ਵੱਧ ਹੁੰਦੀ ਹੈ, ਰਾਜ ਦੇ ਗੰਨਾ ਕਾਸ਼ਤਕਾਰਾਂ ਨੂੰ ਅਦਾ ਕੀਤੀ ਜਾਂਦੀ ਹੈ। ਸਾਲ 2015-16 ਵਿੱਚ ਰਾਜ ਸਰਕਾਰ ਨੇ ਇਹ ਕੀਮਤ 295.00 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਹੈ, ਜਦਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਮਤ (Fair Remunerative Price) 230.00 ਰੁਪਏ ਪ੍ਰਤੀ ਕੁਇੰਟਲ ਹੈ।ਪੰਜਾਬ ਸਰਕਾਰ ਵੱਲੋਂ ਹਰ ਸਾਲ ਵਿੱਤੀ ਕਰਜ਼ਾ ਦੇ ਕੇ ਸਹਿਕਾਰੀ ਖੰਡ ਮਿੱਲਾਂ ਦੇ ਗੰਨੇ ਦੀ ਕੀਮਤ ਦੇ ਬਕਾਇਆ ਕਿਸਾਨਾਂ ਨੂੰ ਅਦਾ ਕਰਵਾਏ ਜਾਂਦੇ ਹਨ।ਇਸ ਮੰਤਵ ਲਈ ਵਿੱਤ ਵਿਭਾਗ ਵੱਲੋਂ 178.00 ਕਰੋੜ ਰੁਪਏ ਦਾ ਕਰਜ਼ਾ ਸ਼ੂਗਰਫੈੱਡ,ਪੰਜਾਬ ਨੂੰ ਦਿੱਤਾ ਗਿਆ ਸੀ।ਪਿੜਾਈ ਸੀਜ਼ਨ 2015-16 ਦੀ ਗੰਨੇ ਦੀ ਕੋਈ ਬਕਾਇਆ ਰਾਸ਼ੀ ਦੇਣਯੋਗ ਨਹੀ ਹੈ।ਸ਼ੂਗਰਫੈੱਡ, ਪੰਜਾਬ ਵੱਲੋਂ ਸੱਭ ਤੋਂ ਪੁਰਾਣੀ ਸਹਿਕਾਰੀ ਖੰਡ ਮਿੱਲ ਜੋ ਕਿ 1956-57 ਵਿੱਚ ਭੋਗਪੁਰ ਵਿਖੇ ਲਗਾਈ ਸੀ ਜਿਸ ਦੀ ਸਮਰੱਥਾ 1016 ਟੀ.ਸੀ.ਡੀ. ਤੋਂ ਵਧਾ ਕੇ 3000 ਟੀ.ਸੀ.ਡੀ. ਦੇ ਨਾਲ-ਨਾਲ 15 ਮੈਗਾਵਾਟ ਸਮਰੱਥਾਂ ਦਾ ਕੋ-ਜਨਰੇਸ਼ਨ ਪਲਾਂਟ ਲਗਾਉਣ ਦੀ ਯੋਜਨਾ ਹੈ। ਇਸ ਦੀ ਸਮਰੱਥਾ ਵਿੱਚ ਵਾਧਾ ਹੋਣ ਤੋਂ ਬਾਅਦ ਮਿੱਲ 40 ਲੱਖ ਕੁਇੰਟਲ ਤੋਂ ਵੱਧ ਗੰਨਾ ਪੀੜਣ ਦੇ ਯੋਗ ਹੋ ਜਾਵੇਗੀ।ਭੋਗਪੁਰ ਇਲਾਕੇ ਵਿੱਚ ਵੱਧ ਰਿਕਵਰੀ ਵਾਲਾ ਗੰਨਾ ਹੋਣ ਕਰਕੇ ਮਿੱਲ ਦੀ ਵਿੱਤੀ ਹਾਲਤ ਮਜਬੂਤ ਹੋ ਜਾਵੇਗੀ ਅਤੇ ਘਾਟਾ ਘਟੇਗਾ।ਸ਼ੂਗਰਫੈਡ ਦੀ ਸਮੁੱਚੀ ਸਥਿਤੀ ਹੇਠਾਂ ਦਿੱਤੀ ਗਈ ਹੈ।

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਮੈਂਬਰਾਂ ਦੀ ਗਿਣਤੀ | 16 | 16 |
| 2 | ਹਿੱਸੇਦਾਰੀ | 664.03 | 664.03 |
| 3 | ਆਪਣੇ ਫੰਡ | 1389.57 | 1389.57 |
| 4 | ਕਾਰਜ ਪੂੰਜੀ | 74926.08 | 107671.05 |
| 5 | ਕਾਰੋਬਾਰੀ ਲੈਣ ਦੇਣ | 150591.00 | 216023.94 |

## ਸਹਿਕਾਰੀ ਚੀਨੀ ਮਿੱਲਾਂ

ਰਿਪੋਰਟ ਅਧੀਨ ਸਾਲ ਦੌਰਾਨ 15 ਸਹਿਕਾਰੀ ਚੀਨੀ ਮਿੱਲਾਂ ਵਿੱਚੋ 9 ਕੰਮ ਕਰ ਰਹੀਆਂ ਸਨ। ਇਨ੍ਹਾਂ 9 ਮਿੱਲਾਂ ਵਿੱਚੋ ਬੁੱਢੇਵਾਲ ਅਤੇ ਨਵਾਂ ਸ਼ਹਿਰ ਵਿਖੇ ਸਥਿਤ ਮਿੱਲਾਂ ਪਿਛਲੇ ਲਗਾਤਾਰ 9 ਸਾਲਾਂ ਤੋਂ ਨੈਸ਼ਨਲ ਐਫੀਸ਼ੈਸੀ ਅਵਾਰਡ"ਜਿੱਤ ਰਹੀਆਂ ਹਨ।ਜਿਹੜੇ ਕਿਸਾਨ ਆਪਣੇ ਗੰਨੇ ਨੂੰ ਚੀਨੀ ਮਿੱਲਾਂ ਵਿੱਚ ਲਿਆਉਂਦੇ ਹਨ, ਉਨ੍ਹਾਂ ਲਈ ਚੀਨੀ ਮਿੱਲਾਂ ਦੇ ਅੰਦਰ ਹੀ ਬਣੇ ਹੋਏ ਕਿਸਾਨ ਘਰਾਂ ਵਿੱਚ ਉਨ੍ਹਾਂ ਦੇ ਠਹਿਰਣ ਦਾ ਪ੍ਰਬੰਧ ਹੈ।ਸਹਿਕਾਰੀ ਚੀਨੀ ਮਿੱਲਾਂ ਦੇ ਤੁਲਨਾਤਮਕ ਅੰਕੜੇ ਹੇਠਾਂ ਅਨੁਸਾਰ ਹਨ :-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਮੈਂਬਰਾਂ ਦੀ ਗਿਣਤੀ | 203938 | 208129 |
| 2 | ਹਿੱਸੇਦਾਰੀ | 10075.69 | 14423.75 |
| 3 | ਆਪਣੇ ਫੰਡ | 50667.08 | 49047.11 |

| | | | |
|---|---|---|---|
| 4 | ਕਾਰਜ ਪੂੰਜੀ | 149258.25 | 117183.69 |
| 5 | ਪੀੜਿਆ ਗਿਆ ਗੰਨਾ (ਲੱਖ ਕੁਇੰਟਲਾਂ ਵਿੱਚ) | 184.68 | 197.09 |
| 6 | ਚੀਨੀ ਦਾ ਉਤਪਾਦਨ (ਲੱਖ ਕੁਇੰਟਲਾਂ ਵਿੱਚ) | 16.21 | 19.42 |

- **ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ।**

ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ ਠੇਕੇਦਾਰਾਂ ਦੁਆਰਾ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਬਚਾਉਣ ਲਈ ਗਠਿਤ ਕੀਤੀਆਂ ਗਈਆਂ ਸਨ।ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ ਦਾ ਤਿੰਨ ਪੱਧਰੀ ਢਾਂਚਾ ਹੈ। ਸ਼ਿਖਰ ਪੱਧਰ ਤੇ ਪੰਜਾਬ ਰਾਜ ਸਹਿਕਾਰੀ ਕਿਰਤ ਅਤੇ ਉਸਾਰੀ ਸੰਘ, ਕੇਦਂਰੀ ਪੱਧਰ ਤੇ ਜ਼ਿਲਾ ਸਹਿਕਾਰੀ ਕਿਰਤ ਤੇ ਉਸਾਰੀ ਯੂਨੀਅਨਾ ਅਤੇ ਪ੍ਰਾਇਮਰੀ ਪੱਧਰ ਤੇ ਪ੍ਰਾਇਮਰੀ ਸਹਿਕਾਰੀ ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ ਹਨ।ਰਾਜ ਪੱਧਰ ਅਤੇ ਜਿਲਾ ਪੱਧਰ ਦੀਆਂ ਸਹਿਕਾਰੀ ਕਿਰਤ ਅਤੇ ਉਸਾਰੀ ਸਭਾਵਾਂ, ਪ੍ਰਾਇਮਰੀ ਸਹਿਕਾਰੀ ਕਿਰਤ ਅਤੇ ਉਸਾਰੀ ਸਹਿਕਾਰੀ ਸਭਾਵਾਂ ਦੀ ਦਿਨ ਪ੍ਰਤੀ ਦਿਨ ਕੰਮ ਕਾਰ ਵਿੱਚ ਤਕਨੀਕੀ ਜਾਣਕਾਰੀ ਦੇ ਕੇ ਅਤੇ ਕੰਮ ਦੇਣ ਵਾਲੀਆਂ ਏਜੰਸੀਆਂ ਤੋਂ ਕੁੱਲ ਕਾਰੀਗਰੀ ਦੇ ਅਤੇ ਅਕੁਸ਼ਲ ਕਾਰੀਗਰੀ ਦੇ ਕੰਮ ਪ੍ਰਾਪਤ ਕਰਵਾਕੇ ਮਦਦ ਕਰਦੀਆਂ ਹਨ ਅਤੇ ਨਾਲ ਹੀ ਸਬੰਧਿਤ ਵਿਭਾਗਾਂ ਨਾਲ ਚਲਦੇ ਝਗੜਿਆਂ/ਮੁਸ਼ਕਲਾਂ ਨੂੰ ਸੁਲਝਾਉਣ ਵਿੱਚ ਮਦਦ ਕਰਦੀਆਂ ਹਨ।

**ਦੀ ਪੰਜਾਬ ਰਾਜ ਸਹਿਕਾਰੀ ਕਿਰਤ ਅਤੇ ਉਸਾਰੀ ਸੰਘ ਲਿਮ:।**

ਦੀ ਪੰਜਾਬ ਰਾਜ ਸਹਿਕਾਰੀ ਕਿਰਤ ਅਤੇ ਉਸਾਰੀ ਸੰਘ ਲਿਮ: ਮਿਤੀ 17-0-1956 ਨੂੰ 6 ਮੈਂਬਰਾਂ ਨਾਲ ਰਜਿਸਟਰ ਕੀਤੀ ਗਈ ਸੀ।ਮਿਤੀ 31.3.2016 ਨੂੰ ਸੰਘ ਦੇ ਮੈਂਬਰਾਂ ਦੀ ਗਿਣਤੀ 17 ਸੀ।ਸੰਘ ਦੀ ਸਮੁੱਚੀ ਸਥਿਤੀ ਹੇਠਾਂ ਅਨੁਸਾਰ ਹੈ :-

**(ਰੁਪਏ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਹਿੱਸੇਦਾਰੀ | 0.85 | 30.85 |
| 2 | ਆਪਣੇ ਫੰਡ | 121.36 | 1638.11 |
| 3 | ਕਾਰਜ ਪੂੰਜੀ | 100.90 | 1029.11 |
| 4 | ਕਾਰੋਬਾਰੀ ਲੈਣ ਦੇਣ | 975.82 | 1372.35 |
| 5 | ਸਾਲ ਦੌਰਾਨ ਕਮਾਇਆ ਗਿਆ ਕਮਿਸ਼ਨ | 32.10 | 160.84 |
| 6 | ਲਾਭ/ਹਾਨੀ | +11.07 | +12.26 |

**ਕਿਰਤ ਅਤੇ ਉਸਾਰੀ ਯੂਨੀਅਨਾਂ**

ਮਿਤੀ 31.3.2016 ਨੂੰ 17 ਜਿਲ੍ਹਾ ਸਹਿਕਾਰੀ ਕਿਰਤ ਉਸਾਰੀ ਯੂਨੀਅਨਾਂ ਸਨ।ਇਨ੍ਹਾ ਯੂਨੀਅਨਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

**(ਰੁਪਏ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਮੈਂਬਰਾਂ ਦੀ ਗਿਣਤੀ | 1503 | 1575 |
| 2 | ਹਿੱਸੇਦਾਰੀ | 13.10 | 18.24 |
| 3 | ਆਪਣੇ ਫੰਡ | 1321.63 | 1215.26 |
| 4 | ਕਾਰਜ ਪੂੰਜੀ | 1764.32 | 1649.66 |
| 5 | ਕਾਰੋਬਾਰੀ ਲੈਣ ਦੇਣ | 3463.68 | 2909.75 |
| 6 | ਸਾਲ ਦੌਰਾਨ ਕਮਾਇਆ ਗਿਆ ਕਮਿਸ਼ਨ | 267.22 | 220.94 |

ਇਨ੍ਹਾਂ 17 ਲੇਬਰ ਅਤੇ ਕਿਰਤ ਉਸਾਰੀ ਯੂਨੀਅਨਾਂ ਵਿੱਚੋਂ 15 ਕਿਰਤ ਅਤੇ ਉਸਾਰੀ ਯੂਨੀਅਨਾ 332.72 ਲੱਖ ਰੁਪਏ ਦੇ ਮੁਨਾਫੇ ਵਿੱਚ ਸਨ।2 ਸਭਾਵਾਂ 2.69 ਲੱਖ ਰੁਪਏ ਦੀ ਹਾਨੀ ਵਿੱਚ ਹੈ।

**ਪ੍ਰਾਇਮਰੀ ਸਹਿਕਾਰੀ ਕਿਰਤ ਅਤੇ ਉਸਾਰੀ ਸਭਾਵਾਂ**

ਮਿਤੀ 31.3.2016 ਨੂੰ 1930 ਪ੍ਰਾਇਮਰੀ ਸਹਿਕਾਰੀ ਕਿਰਤ ਅਤੇ ਉਸਾਰੀ ਸਭਾਵਾਂ ਸਨ, ਜਿਨਾਂ ਵਿੱਚੋ 1751 ਕੰਮ ਕਰ ਰਹੀਆਂ ਸਨ, 109 ਸਮਾਪਤੀ ਅਧੀਨ ਸਨ ਅਤੇ 70 ਕੰਮ ਨਹੀਂ ਕਰਦੀਆਂ ਸਨ। ਇਨ੍ਹਾਂ ਸਹਿਕਾਰੀ ਸਭਾਵਾਂ ਦੀ ਤੁਲਨਾਤਮਕ ਸਥਿਤੀ ਹੇਠ ਦਿੱਤੀ ਗਈ ਹੈ:-

(ਰੁਪਏ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਮੈਂਬਰਾਂ ਦੀ ਗਿਣਤੀ | 104075 | 103795 |
| 2 | ਹਿੱਸੇਦਾਰੀ | 348.35 | 303.67 |
| 3 | ਆਪਣੇ ਫੰਡ | 1904.10 | 1969.31 |
| 4 | ਕਾਰਜ ਪੂੰਜੀ | 4218.13 | 4171.44 |

- **ਮਕਾਨ ਉਸਾਰੀ ਸਹਿਕਾਰੀ ਸਭਾਵਾਂ।**

ਮਕਾਨ ਉਸਾਰੀ ਸਹਿਕਾਰੀ ਸਭਾਵਾਂ ਰਾਜ ਅੰਦਰ ਸ਼ਹਿਰੀ ਅਤੇ ਨਾਲ ਦੀ ਨਾਲ ਪੇਂਡੂ ਖੇਤਰ ਵਿੱਚ ਮਕਾਨਾਂ ਦੀ ਉਸਾਰੀ ਵਿੱਚ ਸਹਾਇਤਾ ਕਰ ਰਹੀਆਂ ਹਨ। ਦੀ ਪੰਜਾਬ ਰਾਜ ਸਹਿਕਾਰੀ ਮਕਾਨ ਸੰਘ ਲਿਮ: (ਹਾਊਸਫੈਡ) ਮਿਤੀ 17-11-1970 ਨੂੰ ਮਕਾਨਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਸ ਦੇ ਨਾਲ ਲਗੀਆਂ ਹੋਈਆਂ ਮਕਾਨ ਉਸਾਰੀ ਸਹਿਕਾਰੀ ਸਭਾਵਾਂ ਦੇ ਮੈਬਰਾਂ ਨੂੰ ਕਰਜ਼ਾ ਮੁਹੱਈਆਂ ਕਰਾਉਣ ਲਈ ਰਜਿਸਟਰ ਕੀਤੀ ਗਈ ਸੀ। ਇਸ ਦੀ ਆਪਣੀ ਇਮਾਰਤ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਦੇ ਸੈਕਟਰ 64, 70, ਗੁਰੂ ਰਾਮਦਾਸ ਕੰਪਲੈਕਸ ਲੁਧਿਆਣਾ ਅਤੇ ਪੱਖੋਵਾਲ ਪ੍ਰੋਜੈਕਟ 1 ਅਤੇ 2 ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਇਸ ਦੇ ਪ੍ਰਜੈਕਟ ਮੁਕੰਮਲ ਕਰ ਲਏ ਗਏ ਹਨ। ਇਸ ਸੰਸਥਾ ਵਲੋਂ ਮੋਹਾਲੀ, ਬਨੂੜ ਅਤੇ ਕਪੂਰਥਲਾ ਵਿਖੇ ਪ੍ਰੋਜੈਕਟ ਦਾ ਕੰਮ ਚਲ ਰਿਹਾ ਹੈ। ਮਿਤੀ 31.3.2016 ਨੂੰ ਇਸ ਸੰਘ ਦੇ 343 ਮੈਂਬਰ ਸਨ। ਇਸ ਸੰਘ ਦੇ ਕੰਮਕਾਰ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

(ਰੁਪਏ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਮੈਂਬਰਾਂ ਦੀ ਗਿਣਤੀ | 341 | 343 |
| 2 | ਹਿੱਸੇਦਾਰੀ | 4332.68 | 4124.54 |
| 3 | ਆਪਣੇ ਫੰਡ | 24082.93 | 24332.41 |
| 4 | ਕਾਰਜਪੂੰਜੀ | 50263.30 | 43497.66 |
| 5 | ਦਿੱਤੇ ਗਏ ਕਰਜ਼ੇ | 1503.79 | 521.00 |
| 6 | ਵਸੂਲੇ ਗਏ ਕਰਜ਼ੇ | 4787.56 | 4957.00 |
| 7 | ਲਾਭ | +836.00 | +690.00 |
| 8 | ਕਾਰੋਬਾਰੀ ਲੈਣ ਦੇਣ | 240622.20 | 246731.50 |

ਮਿਤੀ 31.3.2016 ਨੂੰ 683 ਪ੍ਰਾਇਮਰੀ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਸਨ। ਇਨ੍ਹਾਂ ਸਹਿਕਾਰੀ ਸਭਾਵਾਂ ਦੇ ਕੰਮ ਕਾਰ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

ਰੁਪਏ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਮੈਬਰਾਂ ਦੀ ਗਿਣਤੀ | 162298 | 166667 |
| 2 | ਹਿੱਸੇਦਾਰੀ | 2734.21 | 2673.31 |
| 3 | ਆਪਣੇ ਫੰਡ | 5306.62 | 3119.24 |
| 4 | ਕਾਰਜ ਪੂੰਜੀ | 45810.91 | 43935.07 |
| 5 | ਦਿੱਤੇ ਗਏ ਕਰਜ਼ੇ | 21581.56 | 1905.80 |

- **ਇਸਤਰੀ ਸਹਿਕਾਰੀ ਸਭਾਵਾਂ**

ਇਸਤਰੀ ਸਹਿਕਾਰੀ ਸਭਾਵਾਂ ਵੀ ਸਹਿਕਾਰੀ ਖੇਤਰ ਵਿੱਚ ਇਸਤਰੀਆਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਅੱਗੇ ਲਿਆਉਣ ਅਤੇ ਵਿਕਾਸ ਕਰਨ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾ

ਰਹੀਆਂ ਹਨ। ਇਕ ਇਸਤਰੀ ਸਹਿਕਾਰੀ ਸਭਾ ਜਿਸ ਦਾ ਨਾਮ ਲਤਾਲਾ ਇਸਤਰੀ ਸਹਿਕਾਰੀ ਦੁੱਧ ਸਪਲਾਈ ਸਭਾ ਹੈ, ਨੂੰ ਦੁੱਧ ਦੇ ਇਕੱਤਰਣ ਵਿੱਚ ਏਸ਼ੀਆ ਵਿੱਚ ਸੱਭ ਤੋਂ ਵਧੀਆ ਸਹਿਕਾਰੀ ਸਭਾ ਐਲਾਨਿਆ ਗਿਆ ਹੈ। ਇਨ੍ਹਾਂ ਸਹਿਕਾਰੀ ਸਭਾਵਾਂ ਦੀ ਕਿਸਮ ਅਨੁਸਾਰ ਵੰਡ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਸੰਜਮ ਅਤੇ ਬੱਚਤ ਸਹਿਕਾਰੀ ਸਭਾਵਾਂ | 484 | 484 |
| 2 | ਕਰਜ਼ਾ ਸਭਾ | 1 | 1 |
| 3 | ਉਦਯੋਗਿਕ | 206 | 206 |
| 4 | ਸਕੂਲ ਸਪਲਾਈ | 1 | 1 |
| 5 | ਦੁੱਧ ਉਤਪਾਦਕ | 389 | 343 |
| 6 | ਕੁੱਲ ਸਹਿਕਾਰੀ ਸਭਾਵਾਂ | 1081 | 1035 |

ਇਸਤਰੀ ਸਹਿਕਾਰੀ ਸਭਾਵਾਂ ਦੀ ਸਮੁੱਚੀ ਸਥਿਤੀ ਹੇਠਾਂ ਅਨੁਸਾਰ ਹੈ :-

(ਰੁਪਏ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਸਹਿਕਾਰੀ ਸਭਾਵਾਂ ਦੀ ਕੁੱਲ ਗਿਣਤੀ | 1081 | 1035 |
| 2 | ਮੈਂਬਰਾਂ ਦੀ ਗਿਣਤੀ | 143048 | 69435 |
| 3 | ਹਿੱਸੇਦਾਰੀ | 400.59 | 226.62 |
| 4 | ਆਪਣੇ ਫੰਡ | 267.40 | 255.72 |
| 5 | ਕਾਰੋਬਾਰੀ ਲੈਣਦੇਣ | 2615.33 | 1861.77 |
| 6 | ਕਾਰਜ ਪੂੰਜੀ | 3029.95 | 2203.79 |

## ਸਿੱਖਿਆ, ਸਿਖਲਾਈ ਅਤੇ ਪਰਚਾਰ ਸਹਿਕਾਰੀ ਸਭਾਵਾਂ

ਦੀ ਪੰਜਾਬ ਰਾਜ ਸਹਿਕਾਰੀ ਵਿਕਾਸ ਸੰਘ ਲਿਮ: (ਪੰਨਕੋਫੈਡ) ਜਿਸਨੂੰ ਪਹਿਲਾਂ ਪੰਜਾਬ ਸਹਿਕਾਰੀ ਯੂਨੀਅਨ ਦੇ ਨਾਮ ਨਾਲ ਜਾਣਿਆ ਜਾਂਦਾ ਸੀ,ਮਿਤੀ 30-04-1952 ਨੂੰ ਰਜਿਸਟਰ ਹੋਈ ਸੀ, ਜਿਸ ਦਾ ਮੁੱਖ ਦਫਤਰ ਜਲੰਧਰ ਵਿਖੇ ਸੀ ਅਤੇ ਜਦੋਂ ਇਸ ਨੂੰ ਅਪਰੈਲ 1965 ਵਿੱਚ ਚੰਡੀਗੜ੍ਹ ਵਿਖੇ ਤਬਦੀਲ ਕੀਤਾ ਗਿਆ ਸੀ ਤਾਂ ਉਸ ਸਮੇਂ ਇਸ ਦੇ ਮੈਂਬਰਾਂ ਦੀ ਗਿਣਤੀ 33 ਸੀ। ਇਸ ਸੰਸਥਾ ਦੇ ਮੈਂਬਰਾਂ ਦੀ ਮੌਜੂਦਾ ਗਿਣਤੀ 29 ਹੈ, ਜਿਹੜੀ ਕਿ ਸ਼ਿਖਰ ਸਹਿਕਾਰੀ ਸਭਾਵਾਂ, ਜਿਲ੍ਹਾ ਸਹਿਕਾਰੀ ਯੂਨੀਅਨਾਂ ਅਤੇ ਰਾਜ ਸਰਕਾਰ ਨਾਲ ਬਣਦੀ ਹੈ। ਇਹ ਰਾਜ ਅੰਦਰ ਸਹਿਕਾਰੀ ਅੰਦੋਲਨ ਨੂੰ ਪ੍ਰਫੁੱਲਤ ਕਰਨ ਅਤੇ ਉਸ ਦਾ ਵਿਕਾਸ ਕਰਨ ਲਈ ਤਾਲਮੇਲ ਰੱਖਣ ਲਈ ਸ਼ਿਖਰ ਸਹਿਕਾਰੀ ਸੰਸਥਾ ਹੈ।ਪਨਕੋਫੈਂਡ ਦਾ ਮੁੱਖ ਉਦੇਸ਼ ਸਹਿਕਾਰਤਾ ਲਹਿਰ ਨੂੰ ਅੱਗੇ ਵਧਾਉਣਾ ਅਤੇ ਇਸਦਾ ਵਿਕਾਸ ਕਰਨਾ ਹੈ।ਪਨਕੋਫੈਡ ਵੱਲੋਂ ਇਸ ਉਦੇਸ਼ ਦੀ ਪ੍ਰਾਪਤੀ ਲਈ ਸਹਿਕਾਰੀ ਸਿੱਖਿਆ ਤੇ ਸਿਖਲਾਈ ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।ਪਨਕੋਫੈਡ ਦੇ ਇਹਨਾਂ ਪ੍ਰੋਗਰਾਮਾਂ ਨੂੰ ਬੜਾ ਉਤਸ਼ਾਹਜਨਕ ਹੁੰਗਾਰਾ ਮਿਲ ਰਿਹਾ ਹੈ।

## ਸਿੱਖਿਆ ਪ੍ਰੋਗਰਾਮ :

ਪਨਕੋਫੈਂਡ ਵੱਲੋਂ ਸਿੱਖਿਆ ਅਤੇ ਸਿਖਲਾਈ ਦਾ ਪ੍ਰੋਗਰਾਮ ਚਲਾਇਆ ਜਾਂਦਾ ਹੈ। ਇਸ ਵੇਲੇ ਸਿੱਖਿਆ ਅਧਿਆਪਕਾਂ ਦੀਆਂ 26 ਮੰਜੂਰਸ਼ੁਦਾ ਅਸਾਮੀਆਂ ਹਨ ਜਿਸ ਵਿੱਚੋਂ ਇਸ ਵੇਲੇ 10 ਅਸਾਮੀਆਂ ਹੀ ਭਰੀਆਂ ਹੋਈਆਂ ਹਨ। ਜਿਨ੍ਹਾਂ ਦੀ ਅਗਵਾਈ ਹੇਠ ਪਨਕੋਫੈਂਡ ਦੀ ਨਵੀਂ ਸਿੱਖਿਆ ਨੀਤੀ ਅਨੁਸਾਰ ਖੇਤਰ ਵਿੱਚ ਹਰ ਇਕ ਸਹਾਇਕ ਰਜਿਸਟਰਾਰ ਦੀ ਮਦਦ ਨਾਲ ਉਨ੍ਹਾਂ ਦੇ ਸਰਕਲ ਵਿਖੇ ਜਾਗਰੂਕਤਾ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

| ਕਿਸਮ | ਕਲਾਸਾਂ | ਹਾਜ਼ਰੀ |
|---|---|---|
| ਐਮ.ਪੀ.ਸੀ.ਐਸ.ਐਸ | 363 | 13062 |
| ਦੁੱਧ ਉਤਪਾਦਕ ਸਭਾਵਾਂ | 18 | 1803 |

| | | |
|---|---|---|
| ਇਸਤਰੀਆਂ ਦੇ ਕੈਂਪ | 59 | 4350 |
| ਮੈਂਬਰ | 402 | 29161 |
| ਸਕੂਲ ਲੈਕਚਰ | 98 | 5729 |

ਪਨਕੋਫੈੱਡ ਵੱਲੋਂ ਸਟੇਟ ਲੈਵਲ ਤੇ ਵੀ ਚੁਣੇ ਹੋਏ ਡਾਇਰੈਕਟਰਾਂ ਨੂੰ ਉਨ੍ਹਾਂ ਦੇ ਅਧਿਕਾਰ ਅਤੇ ਫਰਜਾਂ ਤੋਂ ਜਾਣੂ ਕਰਵਾਉਣ ਲਈ 55 ਸੈਮੀਨਾਰ ਕਰਵਾਏ ਗਏ, ਜਿਨ੍ਹਾਂ ਵਿੱਚ 6739 ਸਿੱਖਿਆਰਥੀਆਂ ਨੇ ਭਾਗ ਲਿਆ।ਇਨ੍ਹਾਂ ਕੈਂਪਾਂ ਵਿੱਚ ਡੀ.ਸੀ.ਯੂ.,ਮਿਲਕ ਪਲਾਂਟਾਂ, ਸੈਂਟਰਲ ਕੋਆਪ੍ਰੇਟਿਵ ਬੈਂਕਾਂ, ਪੀ.ਏ.ਡੀ.ਬੀਜ਼ ਅਤੇ ਬਹੁਮੰਤਵੀ ਸਹਿਕਾਰੀ ਸਭਾਵਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ।ਪਨਕੋਫੈੱਡ ਵਲੋਂ ਨਾਬਾਰਡ ਦੇ ਸਹਿਯੋਗ ਨਾਲ ਮੁੱਢਲੀਆਂ ਖੇਤੀਬਾੜੀ ਸਭਾਵਾਂ ਦੇ ਕਮੇਟੀ ਮੈਂਬਰਾਂ, ਮੈਂਬਰਾਂ ਅਤੇ ਸਕੱਤਰਾਂ ਵਾਸਤੇ ਜਿਲ੍ਹਾ ਲੈਵਲ ਤੇ 18 ਕੈਂਪ ਲਗਾਏ ਗਏ।

**ਆਫਸੈਟ ਪ੍ਰਿੰਟਿੰਗ ਪ੍ਰੈਸ:**ਸਹਿਕਾਰਤਾ ਵਿਭਾਗ ਦੇ ਅਦਾਰਿਆਂ ਦੀਆਂ ਪ੍ਰਿੰਟਿੰਗ ਲੋੜਾਂ ਨੂੰ ਪੂਰਾ ਕਰਨ ਅਤੇ ਵਾਜਬ ਰੇਟਾਂ ਤੇ ਪ੍ਰਿੰਟਿੰਗ ਸਟੇਸ਼ਨਰੀ ਮੁਹੱਇਆ ਕਰਨ ਦੇ ਮਨੋਰਥ ਨਾਲ ਪਨਕੋਫੈੱਡ ਵੱਲੋਂ ਆਪਣੀ ਇੱਕ ਆਫਸੈਟ ਪ੍ਰਿੰਟਿੰਗ ਪ੍ਰੈਸ ਲਗਾਈ ਗਈ ਹੈ।ਇਸ ਆਫਸੈੱਟ ਪ੍ਰਿੰਟਿੰਗ ਪ੍ਰੈਸ ਰਾਹੀਂ ਕੀਤੇ ਪ੍ਰਿੰਟਿੰਗ ਦਾ ਸਾਲ 2015-16 ਦਾ ਬਿਜਨਸ 1,39,33,389.00 ਹੈ।

**ਮੈਗਜ਼ੀਨ "ਪੰਜਾਬ ਕੋਆਪ੍ਰੇਸ਼ਨ"**

ਪਨਕੋਫੈੱਡ ਵੱਲੋਂ ਪੰਦਰਵਾੜਾ ਮੈਗਜ਼ੀਨ "ਪੰਜਾਬ ਕੋਆਪ੍ਰੇਸ਼ਨ""ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।ਜਿਸ ਵਿੱਚ ਸਹਿਕਾਰੀ ਲਹਿਰ ਦੇ ਮਹੱਤਵਪੂਰਨ ਪੱਖਾਂ ਤੇ ਆਰਟੀਕਲਜ਼, ਵਿਭਾਗੀ ਸਰਕੂਲਰ, ਸਫਲਤਾ ਦੀਆਂ ਕਹਾਣੀਆਂ, ਆਮ ਤਰੱਕੀ ਦੇ ਲੇਖ, ਖੇਤੀ ਸਬੰਧੀ ਲੇਖ, ਅਦਾਲਤੀ ਫੈਸਲੇ, ਉਘੇ ਸਹਿਕਾਰੀਆਂ ਨਾਲ ਇੰਟਰਵਿਊਜ਼, ਬੈਲੰਸ ਸ਼ੀਟਾਂ ਅਤੇ ਪਿੰਡ ਪੱਧਰ ਤੇ ਹੋਣ ਵਾਲੇ ਸਮਾਗਮਾਂ ਦੀਆਂ ਰਿਪੋਰਟਾਂ ਆਦਿ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।ਹਰ ਪੰਦਰਵਾੜੇ ਸਹਿਕਾਰੀ ਅਦਾਰਿਆਂ ਦੇ ਮੈਂਬਰਾਂ,ਪ੍ਰਬੰਧਕਾਂ ਅਤੇ ਕਰਮਚਾਰੀਆਂ ਨੂੰ ਨਵੀਨਤਮ ਜਾਣਕਾਰੀ ਪ੍ਰਦਾਨ ਕੀਤੀ ਜਾ ਰਹੀ ਹੈ।ਇਸ ਦੀ ਦਿਖ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਵਿੱਚ ਅਹਿਮ ਤਬਦੀਲੀਆਂ ਕੀਤੀਆਂ ਗਈਆਂ ਹਨ।ਇਸ ਮੈਗਜੀਨ ਦਾ ਸਾਲ 2015-16 ਦਾ ਬਿਜਨਸ 39,91,639.00 ਹੈ।

**ਨਵੀਆਂ ਪ੍ਰਗਤੀਆਂ:**

ਪਨਕੋਫੈੱਡ ਵਲੋਂ ਵੈਬ ਸਾਈਟ ਬਣਾਈ ਗਈ ਹੈ।ਪਨਕੋਫੈੱਡ ਪ੍ਰਾਇਮਰੀ ਖੇਤੀਬਾੜੀ ਸਭਾਵਾਂ ਨੂੰ SMS ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ।ਹਰ ਸਭਾ ਦੇ ਪੰਜ ਮੈਂਬਰਾਂ ਅਤੇ ਸਕੱਤਰ ਨੂੰ ਖਾਦ ਦੀ ਪਹੁੰਚ ਬਾਰੇ ਅਤੇ ਉਸ ਦੀ ਕੁਆਲਟੀ ਅਤੇ ਮਾਤਰਾ ਬਾਰੇ ਅਗੇਤਰੀ ਸੂਚਨਾ ਦਿੱਤੀ ਜਾਂਦੀ ਹੈ।ਪਿਛਲੇ ਸਾਲ ਦੇ ਮੁਕਾਬਲੇ ਇਸ ਦੀਆਂ ਸਾਲ 2015-2016 ਦੀਆਂ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ:-

**(ਰਕਮ ਲੱਖਾਂ ਵਿੱਚ)**

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਹਿੱਸੇਦਾਰੀ | 25.49 | 25.49 |
| 2 | ਕਾਰਜ ਪੂੰਜੀ | 674.65 | 719.16 |
| 3 | ਕਾਰੋਬਾਰੀ ਲੈਣ ਦੇਣ | 89.11 | 94.29 |
| 4 | ਲਾਭ/ਘਾਟਾ | +23.22 | +8.64 |
| 5 | ਸਿੱਖਿਅਤ ਕੀਤੇ ਗਏ ਵਿਅਕਤੀ | 10403 | 23272 |
| 6 | ਸਿੱਖਿਅਤ ਕੀਤੇ ਗਏ ਕਮੇਟੀ ਮੈਂਬਰ | 17002 | 9953 |

ਜਿਲ੍ਹਾ ਪੱਧਰ ਤੇ ਸਹਿਕਾਰੀ ਸਿੱਖਿਆ ਅਤੇ ਪਰਚਾਰ ਅਤੇ ਪ੍ਰਾਪੇਗੰਡਾਂ ਸਬੰਧੀ ਕੰਮ ਜਿਲ੍ਹਾ ਸਹਿਕਾਰੀ ਯੂਨੀਅਨਾਂ ਦੁਆਰਾ ਕੀਤਾ ਜਾਂਦਾ ਹੈ। ਰਾਜ ਅੰਦਰ ਸਾਲ ਦੌਰਾਨ 17 ਜਿਲ੍ਹਾ ਸਹਿਕਾਰੀ ਯੂਨੀਅਨਾਂ ਸਨ। ਮਿਤੀ 31.3.2016 ਨੂੰ ਇਨਾਂ ਸਹਿਕਾਰੀ ਯੂਨੀਅਨਾਂ ਦੇ ਮੈਂਬਰਾਂ ਦੀ ਗਿਣਤੀ 5401 ਸੀ।

ਇਨ੍ਹਾਂ ਯੂਨੀਅਨਾਂ ਦੀਆਂ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ:-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਹਿੱਸੇਦਾਰੀ | 18.93 | 18.93 |
| 2 | ਆਪਣੇ ਫੰਡ | 326.62 | 210.03 |
| 3 | ਕਾਰਜ ਪੂੰਜੀ | 567.51 | 382.28 |
| 4 | ਕਾਰੋਬਾਰੀ ਲੈਣ ਦੇਣ | 2497.24 | 1930.92 |

- **ਸਿੱਖਿਆ, ਸਿਖਲਾਈ ਅਤੇ ਪਰਚਾਰ ਸਹਿਕਾਰੀ ਸਭਾਵਾਂ**

ਪੰਜਾਬ ਰਾਜ ਸਹਿਕਾਰੀ ਬੈਂਕ ਲਿਮ. ਵੱਲੋਂ ਆਪਣੇ ਅਤੇ ਕੇਂਦਰੀ ਸਹਿਕਾਰੀ ਬੈਂਕਾਂ ਦੇ ਕਰਮਚਾਰੀਆਂ ਨੂੰ ਟ੍ਰੇਨਿੰਗ ਦੇਣ ਲਈ "ਬੈਂਕਰਜ ਟ੍ਰੇਨਿੰਗ ਇੰਸਟੀਚਿਊਟ "1969 ਵਿਚ ਸਥਾਪਿਤ ਕੀਤਾ ਗਿਆ।ਕੁਝ ਸਮੇਂ ਬਾਅਦ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਮਾਰਕਫੈਡ, ਪੰਜਾਬ ਵੀ ਇਸ ਦੇ ਮੈਂਬਰ ਬਣ ਗਏ।ਇਸ ਸੰਸਥਾ ਨੂੰ "ਪੰਜਾਬ ਇੰਸਟੀਚਿਊਟ ਆਫ ਕੋਆਪਰੇਟਿਵ ਟ੍ਰੇਨਿੰਗ " ਦਾ ਨਾਮ ਦਿੱਤਾ ਗਿਆ।ਸਮੇਂ ਸਮੇਂ ਸਿਰ ਹੋਰ ਸੰਸਥਾਵਾਂ ਵੀ ਮੈਂਬਰ ਬਣਦੀਆਂ ਗਈਆਂ ਅਤੇ 1999 ਵਿਚ ਪੰਜਾਬ ਕੋਆਪਰੇਟਿਵ ਸੋਸਾਇਟੀ ਐਕਟ 1961 ਦੇ ਅਧੀਨ ਇਸ ਨੂੰ ਸਹਿਕਾਰੀ ਸਭਾ ਦੇ ਤੌਰ ਤੇ ਰਜਿਸਟਰ ਕੀਤਾ ਗਿਆ।

**ਟ੍ਰੇਨਿੰਗ ਪ੍ਰੋਗਰਾਮ:**

ਇਸ ਸੰਸਥਾ ਵੱਲੋਂ ਹਰ ਸਾਲ ਨੰਵਬਰ ਵਿਚ ਰਾਜ ਪੱਧਰੀ ਸਹਿਕਾਰੀ ਸੰਸਥਾਵਾਂ ਨੂੰ ਅਪਣੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਟ੍ਰੇਨਿੰਗ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਅਗਲੇ ਸਾਲ ਦੇ ਟ੍ਰੇਨਿੰਗ ਪ੍ਰੋਗਰਾਮਾਂ ਦੀ ਮੰਗ ਕੀਤੀ ਜਾਂਦੀ ਹੈ।ਵੇਰਵੇ ਪ੍ਰਾਪਤ ਹੋਣ ਉਪਰੰਤ ਸੰਸਥਾ ਦੇ ਫੈਕਲਟੀ ਮੈਬਰਾਂ ਵੱਲੋ ਸਬੰਧਿਤ ਸੰਸਥਾ ਦੇ ਟ੍ਰੇਨਿੰਗ ਨਾਲ ਸਬੰਧਿਤ ਅਧਿਕਾਰੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਟ੍ਰੇਨਿੰਗ ਪ੍ਰੋਗਰਾਮ ਉਲੀਕੇ ਜਾਂਦੇ ਹਨ,ਜਿਨ੍ਹਾਂ ਨੂੰ ਰ.ਸ.ਸ.,ਪੰਜਾਬ ਦੀ ਪ੍ਰਵਾਨਗੀ ਉਪਰੰਤ ਸੰਸਥਾ ਦੇ ਗਵਰਨਿੰਗ ਬੋਰਡ ਵੱਲੋਂ ਪ੍ਰਵਾਨਗੀ ਹਿੱਤ ਵਿਚਾਰਿਆ ਜਾਂਦਾ ਹੈ।ਪਿਛਲੇ ਤਿੰਨ ਸਾਲਾਂ ਵਿਚ ਲਾਏ ਗਏ ਟ੍ਰੇਨਿੰਗ ਪ੍ਰੋਗਰਾਮਾਂ ਅਤੇ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਸਿਖਿਆਰਥੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਸਾਲ | ਪ੍ਰੋਗਰਾਮਾਂ ਦੀ ਗਿਣਤੀ | ਸਿਖਿਆਰਥੀਆਂ ਦੀ ਗਿਣਤੀ |
|---|---|---|
| 2012-13 | 139 | 2643 |
| 2013-14 | 126 | 2694 |
| 2014-15 | 129 | 2995 |
| 2015-16 | 142 | 3554 |

- **ਟਰਾਂਸਪੋਰਟ ਸਹਿਕਾਰੀ ਸਭਾਵਾਂ**

ਸਾਲ 2015-2016 ਦੇ ਅੰਤ ਤੇ 173 ਪ੍ਰਾਇਮਰੀ ਸਹਿਕਾਰੀ ਟ੍ਰਾਂਸਪੋਰਟ ਸਭਾਵਾਂ ਸਨ,ਜਿਨ੍ਹਾਂ ਦੇ ਮੈਬਰਾਂ ਦੀ ਗਿਣਤੀ 10396 ਸੀ।ਇਨ੍ਹਾਂ ਸਹਿਕਾਰੀ ਸਭਾਵਾਂ ਦੇ ਕੰਮਕਾਰ ਸਬੰਧੀ ਸਥਿਤੀ ਹੇਠ ਲਿਖੇ ਅਨੁਸਾਰ ਹੈ :-

(ਰਕਮ ਲੱਖਾਂ ਵਿੱਚ)

| ਲੜੀ ਨੰ. | ਵੇਰਵਾ | 2014-2015 | 2015-2016 |
|---|---|---|---|
| 1 | ਹਿੱਸੇਦਾਰੀ | 143.38 | 138.71 |
| 2 | ਆਪਣੇ ਫੰਡ | 318.22 | 357.92 |
| 3 | ਕਾਰਜ ਪੂੰਜੀ | 4421.70 | 3023.40 |

ਰਿਪੋਰਟ ਅਧੀਨ ਸਾਲ ਦੇ ਅੰਤ ਤੇ ਇਨਾਂ ਸਹਿਕਾਰੀ ਸਭਾਵਾਂ ਦੁਆਰਾ ਕੀਤੀ ਗਈ ਕੁੱਲ ਕਮਾਈ 116.71 ਲੱਖ ਰੁਪਏ ਸੀ ਅਤੇ ਇਨ੍ਹਾਂ ਦੁਆਰਾ ਕੀਤੇ ਗਏ ਖਰਚ ਦੀ ਰਕਮ 502.83 ਲੱਖ ਰੁਪਏ

ਸੀ। ਇਨਾਂ ਸਹਿਕਾਰੀ ਸਭਾਵਾਂ ਦੇ 491 ਕਰਮਚਾਰੀ ਸਨ।72 ਸਹਿਕਾਰੀ ਸਭਾਵਾਂ ਦੁਆਰਾ ਕਮਾਏ ਗਏ ਕੁੱਲ ਮੁਨਾਫੇ ਦੀ ਰਕਮ 32.01 ਲੱਖ ਰੁਪਏ ਸੀ।22 ਸਹਿਕਾਰੀ ਸਭਾਵਾਂ 4.58 ਲੱਖ ਰੁਪਏ ਦੇ ਘਾਟੇ ਵਿਚ ਸਨ। 79 ਸਭਾਵਾਂ ਨਾਂ ਲਾਭ ਨਾਂ ਹਾਨੀ ਵਿੱਚ ਹਨ।

- **ਫੁਟਕਲ ਕਿਸਮ ਦੀਆਂ ਸਹਿਕਾਰੀ ਸਭਾਵਾਂ**
  ਉਪਰੋਕਤ ਵਰਣਿਤ ਕੀਤੀਆਂ ਸਹਿਕਾਰੀ ਸਭਾਵਾਂ ਤੋਂ ਇਲਾਵਾ, ਸਹਿਕਾਰੀ ਖੇਤਰ ਵਿੱਚ ਫੁਟਕਲ ਕਿਸਮ ਦੀਆਂ ਹੋਰ ਸਭਾਵਾਂ ਵੀ ਸਨ।ਰਿਪੋਰਟ ਅਧੀਨ ਸਾਲ ਦੌਰਾਨ ਹੇਠ ਲਿਖੇ ਅੰਕੜੇ ਇਨਾਂ ਸਹਿਕਾਰੀ ਸਭਾਵਾਂ ਦੀ ਸਥਿਤੀ ਦਰਸਾਉਂਦੇ ਹਨ।

**(ਰੁਪਏ ਲੱਖਾਂ ਵਿੱਚ)**

| ਲੜੀ ਨੰ. | ਸਹਿਕਾਰੀ ਸਭਾਵਾਂ ਦੀ ਕਿਸਮ | ਸਭਾਵਾਂ ਦੀ ਗਿਣਤੀ | ਮੈਂਬਰਾਂ ਦੀ ਗਿਣਤੀ | ਹਿੱਸੇਦਾਰੀ ਦੀ ਰਕਮ | ਆਪਣੇ ਫੰਡ | ਥਾਰਜ ਪੂੰਜੀ |
|---|---|---|---|---|---|---|
| 1 | ਗੈਰਖੇਤੀ ਕਰਜ਼ਾ ਸਭਾਵਾਂ | 457 | 78941 | 3891.11 | 10360.51 | 107145.16 |
| 2 | ਸਾਂਝੀ ਖੇਤੀ ਸਭਾਵਾਂ | 85 | 2891 | 16.33 | 42.07 | 94.93 |
| 3 | ਮੁਰਗੀ ਪਾਲਣ ਸਭਾਵਾਂ | 101 | 2779 | 30.23 | 54.88 | 108.27 |
| 4 | ਖੇਤੀ ਗੈਰ ਕਰਜ਼ਾ ਸਭਾਵਾਂ | 157 | 27935 | 442.62 | 509.95 | 4477.58 |
| 5 | ਸਹਿਕਾਰੀ ਕੋਲਡ ਸਟੋਰ | 12 | 1943 | 30.79 | 90.22 | 249.31 |
| 6 | ਉਦਯੋਗਿਕ ਯੂਨੀਅਨ | 3 | 148 | 0.44 | 0.2 | 1.55 |
| 7 | ਸਿੰਚਾਈ ਸਭਾਵਾਂ | 48 | 702 | 9.02 | 33.56 | 133.14 |
| 8 | ਫੱਲ ਅਤੇ ਸਬਜੀ ਮੰਡੀਕਰਣ ਸਭਾਵਾਂ | 140 | 3818 | 11.6 | 52.76 | 81.48 |
| 9 | ਸਪਲਾਈ ਅਤੇ ਵੰਡ ਸਭਾਵਾਂ | 3 | 120 | 0.83 | 26.39 | 75.10 |
| 10 | ਹੋਰ ਪ੍ਰੋਸੈਸਿੰਗ ਸਭਾਵਾਂ | 3 | 2978 | 14.71 | 28.57 | 103.06 |
| 11 | ਪ੍ਰਾਇਮਰੀ ਗੰਨਾ ਸਭਾਵਾਂ | 6 | 43297 | 17.03 | 22.65 | 96.67 |
| 12 | ਗਾਰਡਨ ਕਲੋਨੀ ਸਭਾਵਾਂ | 7 | 355 | 2.52 | 594.51 | 613.29 |
| 13 | ਲੀਡ ਸਭਾਵਾਂ | 16 | 13055 | 288.19 | 823.69 | 6246.78 |
| 14 | ਐਸ.ਸੀ.ਐਲ.ਓ | 328 | 9064 | 1.74 | 17.61 | 18.99 |
| | **TOTAL** | **1366** | **188026** | **4757.16** | **12657.57** | **119445.31** |

**ਬੀ) ਪਿਛਲੇ ਵਿੱਤੀ ਵਰ੍ਹੇ ਦੌਰਾਨ ਉਦੇਸ਼ਾਂ ਦੀ ਤਰੱਕੀ ਦੀ ਸਮੀਖਿਆ (ਸੰਪੂਰਨ, ਚਾਲੂ, ਜਾਰੀ ਕੋਈ ਕਾਰਵਾਈ ਨਹੀ, ਮਿਟਾਈ ਗਈ):**

ਇਹ ਪਹਿਲਾਂ ਹੀ ਕਾਲਮ ਨੰ: 3(ੳ) ਵਿੱਚ ਦਰਸਾਇਆ ਗਿਆ ਹੈ।

**4. ਪ੍ਰਾਪਤੀਆਂ**

ਏ) ਵਿਭਾਗ ਨਾਲ ਸਬੰਧਤ ਮਹੱਤਵਪੂਰਨ ਘੱਟਨਾਂਵਾ (ਪ੍ਰਮਾਣੀਕਰਣ, ਬਾਹਰੀ ਸਮੀਖਿਆ,ਨਵੇਂ ਪ੍ਰੋਗਰਾਮ ਅਤੇ ਸਬੰਧਿਤ ਜਾਣਕਾਰੀ)

**ਸਾਲ 2015-16 ਦੀਆਂ ਪ੍ਰਾਪਤੀਆਂ/ਨਤੀਜਿਆਂ**

- ਗਰੁੱਪ ਏ ਅਤੇ ਗਰੁੱਪ ਬੀ ਦੇ ਕਰਮਚਾਰੀਆਂ ਦੇ ਸੇਵਾ ਨਿਯਮਾਂ ਵਿੱਚ ਸੰਸ਼ੋਧਨ ਕੀਤੇ ਗਏ ਸਨ।
- ਵੱਖ-ਵੱਖ ਕੋਆਪ੍ਰੇਟਿਵ ਸੋਸਾਇਟੀਆਂ ਦੀਆਂ ਚੋਣਾਂ ਵਿੱਚ ਅਨੁਸੂਚਿਤ ਜਾਤੀ ਅਤੇ ਮਹਿਲਾ ਮੈਂਬਰਾਂ ਲਈ ਰਿਜ਼ਰਵੇਸ਼ਨ ਦੇਣ ਲਈ ਚੋਣ ਦਿਸ਼ਾ-ਨਿਰਦੇਸ਼ਾਂ ਨੂੰ ਸੋਧਿਆ ਗਿਆ ਹੈ ਜਿਸ ਵਿਚ ਵਿਅਕਤੀਗਤ ਮੈਂਬਰ ਹਨ।
- ਪੰਜਾਬ ਰਾਜ ਸਹਿਕਾਰੀ ਬੈਂਕ, ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰ ਡੈਵਲਪਮੈਂਟ ਬੈਂਕ, ਮਾਰਕਫੈਡ ਅਤੇ ਸ਼ੂਗਰਫੈਡ ਵਰਗੇ ਅਪੈਕਸ ਕੋਆਪ੍ਰੇਟਿਵ ਸੰਸਥਾਵਾਂ ਦੇ ਉਪ-ਨਿਯਮ ਨੂੰ ਸੋਧਿਆ ਗਿਆ ਹੈ ਤਾਂ ਜੋ ਇਨ੍ਹਾਂ ਸੰਸਥਾਵਾਂ ਦੇ ਬੋਰਡਾਂ ਦੇ ਡਾਇਰੈਕਟਰਾਂ ਵਿੱਚ ਪੇਸ਼ੇਵਰ ਨਿਰਦੇਸ਼ਕਾਂ ਦੀ ਨਿਯੁਕਤੀ ਨੂੰ ਯੋਗ ਬਣਾਇਆ ਜਾ ਸਕੇ।

- ਪੰਜਾਬ ਰਾਜ ਸਹਿਕਾਰੀ ਬੈਂਕ ਤੋਂ ਉਧਾਰ ਲਏ ਗਏ ਕਰਜ਼ੇ ਦੀ ਅਦਾਇਗੀ ਕਰਨ ਵਿੱਚ ਅਸਮਰੱਥ ਉਧਾਰਕਰਤਾਵਾਂ ਅਤੇ ਕਿਸਾਨਾਂ ਲਈ ਵਨ ਟਾਇਮ ਸੈਟਲਮੈਂਟ ਸਕੀਮ ਨੂੰ ਲਾਗੂ ਕੀਤਾ ਗਿਆ ਸੀ, ਜਿਸ ਅਧੀਨ 31.01.2015 ਤੱਕ 3236 ਲੋਨਦਾਰਾਂ ਤੋਂ 50.72 ਕਰੋੜ ਰੁਪਏ ਦੀ ਬਿਨੈ ਪੱਤਰ ਪ੍ਰਾਪਤ ਹੋਏ, ਰਾਹਤ 22.83 ਕਰੋੜ ਰੁਪਏ ਪ੍ਰਦਾਨ ਕੀਤੇ ਗਏ ਸਨ ਅਤੇ ਉਧਾਰਾਂ ਕਰਤਾਵਾਂ ਤੋਂ 15.60 ਕਰੋੜ ਰੁਪਏ ਬਰਾਮਦ ਕੀਤੇ ਗਏ।
- ਪੰਜਾਬ ਰਾਜ ਸਹਿਕਾਰੀ ਬੈਂਕ ਦੇ 842 ਬਰਾਂਚਾਂ (ਹੈੱਡ ਆਫਿਸਾਂ ਸਮੇਤ) ਅਤੇ ਪੰਜਾਬ ਰਾਜ ਦੇ ਸਾਰੇ ਕੇਂਦਰੀ ਸਹਿਕਾਰੀ ਬੈਂਕਾਂ ਵਿੱਚ ਕੋਰ ਬੈਂਕਿੰਗ ਹੱਲ ਲਾਗੂ ਕੀਤਾ ਗਿਆ ਹੈ।
- ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਕੰਮ ਦਾ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ, ਨੈਸ਼ਨਲ ਐਨਆਈਸੀ ਨਵੀਂ ਦਿੱਲੀ ਦੁਆਰਾ ਵਿਕਸਿਤ ਕੀਤੇ ਕੋਆਪ੍ਰੇਟਿਵ ਕੋਰ ਬੈਕਿੰਗ ਹੱਲ ਦੁਆਰਾ ਕੰਪਿਓਟਰਾਇਜ਼ਡ ਟ੍ਰਾਇਲ ਬੇਲੈਂਸ ਸ਼ੀਟਸ, ਐਨ ਪੀਏ ਪ੍ਰੋਜ਼ੀਸ਼ਨਿੰਗ ਅਤੇ 69 ਪ੍ਰਾਇਮਰੀ ਬੈਂਕਾਂ ਦੇ ਲਾਭ ਅਤੇ ਘਾਟੇ ਦੇ ਸਟੇਟਮੈਂਟਸ ਤਿਆਰ ਕੀਤੇ ਗਏ ਹਨ, 89 ਪ੍ਰਾਇਮਰੀ ਬੈਂਕਾਂ ਦੇ ਐਨ.ਪੀ.ਏ ਪ੍ਰੋਵੀਜ਼ਨਿੰਗ ਅਤੇ ਪੀਨਲ ਵਿਆਜ਼ ਦੀ ਤਸਦੀਕ ਕੀਤੀ ਗਈ ਹੈ।
- ਕਿਸਾਨਾਂ ਦੀ ਸਹੂਲਤ ਲਈ ਪੰਜਾਬ ਸਟੇਟ ਕੋਆਪ੍ਰਰੇਟਿਵ ਐਗਰੀਕਲਚਰ ਡਿਵਲਪਮੈਂਟ ਬੈਂਕ ਨੇ ਵਨ ਟਾਈਮ ਸੈਟਲਮੈਂਟ ਸਕੀਮ ਦੀ ਸ਼ੁਰੂਆਤ ਕੀਤੀ ਹੈ।31.01.2016 ਤੱਕ 8783 ਕਰਜ਼ੇਦਾਰ ਕਿਸਾਨਾਂ ਦੇ 124.40 ਕਰੋੜ ਰੁਪਏ ਦੀ ਸੈਟਲਮੈਂਟ ਕਰ ਦਿੱਤੀ ਗਈ ਹੈ ਅਤੇ 42.28 ਕਰੋੜ ਰੁਪਏ ਦੀ ਰਾਸ਼ੀ ਦੀ ਰੀਲਿਫ ਦਿੱਤੀ ਗਈ ਹੈ।
- 50 ਟਾਪ ਡਿਫਾਲਰਟਰਾਂ ਤੋਂ ਰਿਕਵਰੀ ਲਈ ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰ ਡਿਵੈਲਪਮੈਂਟ ਬੈਂਕ ਨੇ 50 ਡਿਫਾਲਰਟਰਸ ਦੀ ਸੂਚੀ ਤਿਆਰ ਕੀਤੀ ਅਤੇ ਇਕ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕਰਕੇ ਉਨ੍ਹਾਂ ਤੋਂ 170.38 ਕਰੋੜ ਰੁਪਏ ਦੀ ਰਿਕਵਰੀ ਕੀਤੀ।
- ਪਿੰਡ ਚੂਹੜਵਾਲੀ ਜਿਲ੍ਹਾ ਜਲੰਧਰ ਵਿੱਚ ਮਾਰਕਫੈਡ ਨੇ ਫਲਾਂ ਅਤੇ ਸਬਜ਼ੀਆਂ ਦੀ ਪ੍ਰਾਸੈਸਿੰਗ ਲਈ 50.00 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ''ਸਟੇਟ ਆਫ ਦੀ ਆਰਟ'' ਪ੍ਰੋਸੈਸਿੰਗ ਪਲਾਂਟ ਸਥਾਪਿਤ ਕੀਤੀ ਹੈ ਅਤੇ ਇਸਨੂੰ ਚਾਲੂ ਕਰ ਦਿੱਤਾ ਹੈ।
- ਪਿੰਡ ਚੂਹੜਵਾਲੀ, ਜਿਲ੍ਹਾ ਜਲੰਧਰ ਵਿੱਚ 2016 ਦੌਰਾਨ, 15.50 ਕਰੋੜ ਰੁਪਏ ਲਗਾ ਕੇ ਮਾਰਕਫੈਡ ਨੇ ਇਕ ਅੰਦਾਜ਼ਨ ਲਾਗਤ ਨਾਲ ਹਨੀ ਪ੍ਰੋਸੈਸਿੰਗ ਪਲਾਂਟ ਦੀ ਸਥਾਪਨਾ ਕੀਤੀ।
- ਸਾਲ 2015-16 ਦੌਰਾਨ, ਪੰਜਾਬ ਸਰਕਾਰ ਦੀ ਸਹਾਇਤਾ ਨਾਲ ਸ਼ੂਗਰਫੈਡ ਦੁਆਰਾ ਗੰਨੇ ਦੀ ਬਕਾਇਆ ਰਾਸ਼ੀ ਦੀ ਅਦਾਇਗੀ ਸਮੇਂ ਸਿਰ ਕੀਤੀ ਗਈ ਹੈ।
- ਰਾਜ ਸਰਕਾਰ ਦੀ ਤਰਫੋਂ ਤਕਨੀਕੀ ਸੇਵਾਵਾਂ ਪ੍ਰਦਾਨ ਕਰਨ ਲਈ, ਮਿਲਕਫੈਡ ਨੇ ਮੱਝਾਂ ਦੀ ਨਸਲ ਦੇ ਸੁਧਾਰ ਲਈ 200 ਪਿੰਡਾਂ ਵਿੱਚ 200 ਇੰਟੇਗਰੇਟਡ ਬਫੈਲੋ ਡਿਵੈਲਪਮੈਂਟ ਸੈਂਟਰ ਸਥਾਪਤ ਕੀਤੇ ਹਨ।
- ਭਾਰਤ ਸਰਕਾਰ ਦੀ ਨਿਰਯਾਤ ਨਿਰੀਖਣ ਏਜੰਸੀ ਨੇ ਮਿਲਕ ਪਲਾਂਟ ਚੰਡੀਗੜ੍ਹ ਨੂੰ ਯੂ.ਏਚ.ਟੀ ਦੁੱਧ ਅਤੇ ਹੋਰ ਟੈਟਰਾ ਪੈਕ ਪ੍ਰੋਡਕਟ ਦੇ ਉਤਪਾਦਨ ਲਈ ਸਰਟੀਫਿਕੇਸ਼ਨ ਜਾਰੀ ਕੀਤਾ ਹੈ।

ਅ) **ਅਫਸਰਾਂ/ਕਰਮਚਾਰੀਆਂ (ਕੰਮ, ਸਰਕਰਮੀ, ਪ੍ਰਕਾਸ਼ਨ, ਕਾਨਫਰੰਸ ਪੇਸ਼ਕਾਰੀ, ਅਤੇ ਸਬੰਧਿਤ ਜਾਣਕਾਰੀ) ਨਾਲ ਸੰਬੰਧਤ ਮਹੱਤਵਪੂਰਨ ਘਟਨਾਵਾਂ:**

**ਪਨਕੋਫੈਡ:**

2015-16 ਵਿੱਚ ਪੰਨਕੋਫੈਡ ਦੁਆਰਾ ਆਯੋਜਿਤ ਜਾਗਰੂਕਤਾ ਕੈਂਪ ਦਾ ਵੇਰਵਾ :-

| **ਟਾਈਪ** | **ਗਿਣਤੀ ਵਿੱਚ ਕੈਂਪ** | **ਪ੍ਰਤੀ ਭਾਗੀਆਂ** |
|---|---|---|
| ਐਮ ਪੀ ਸੀ ਏ ਐਸ ਐਸ ਸੁਸਾਇਟੀਜ਼ | 363 | 13062 |
| ਮਿਲਕ ਪ੍ਰੋਡਿਊਸਿੰਗ ਸੋਸਾਇਟੀਜ਼ | 18 | 1803 |
| ਮਹਿਲਾ ਸੋਸਾਇਟੀਜ਼ | 59 | 4350 |
| ਸੋਸਾਇਟੀਜ਼ ਦੇ ਮੈਂਬਰ | 402 | 29161 |
| ਸਕੂਲ ਲੈਕਚਰ | 98 | 5729 |

ਪਨਕੋਫੈਡ ਕੇਂਦਰੀ ਕੋਆਪਰੇਟਿਵ ਬੈਂਕ ਦੇ ਚੁਣੇ ਗਏ ਨੁਮਾਇੰਦਿਆਂ, ਬੈਂਕਾ, ਮਿਲਕ ਪਲਾਂਟ, ਖੇਤੀਬਾੜੀ ਵਿਕਾਸਬੈਂਕਾਂ, ਜਿਲ੍ਹਾ ਸਹਿਕਾਰੀ ਯੂਨੀਅਨਾਂ ਅਤੇ ਮਲਟੀਪਰਪਜ਼ ਸੋਸਾਇਟੀਜ਼ ਦੇ ਬੀ.ਓ.ਡੀ ਲਈ ਰਾਜ ਪੱਧਰੀ ਜਾਗਰੂਕਤਾ ਕੈਂਪ ਵੀ ਰੱਖ ਰਿਹਾ ਹੈ।ਸਾਲ 2015-16 ਦੌਰਾਨ, 55 ਸਟੇਟ ਪੱਧਰ ਦੀਆਂ ਫੰਕਸ਼ਨਾਂ ਦਾ ਆਯੋਜਨ ਕੀਤਾ ਗਿਆ,ਜਿਸ ਵਿੱਚ 6739 ਸਿਖਿਆਰਥੀਆਂ ਨੇ ਭਾਗ ਲਿਆ।

**ਪੀ.ਆਈ.ਸੀ.ਟੀ**

ਸਾਲ 2015-16 ਦੌਰਾਨ 145 ਸਿਖਲਾਈ ਪ੍ਰੋਗਰਾਮ/ਕੈਂਪ ਲਗਾਏ ਗਏ, ਜਿਨ੍ਹਾਂ ਵਿੱਚ 3554 ਸਿਖਆਰਥੀਆਂ ਨੇ ਭਾਗ ਲਿਆ।

**ਪਿਛਲੇ 3 ਸਾਲਾਂ ਦੀ ਤੁਲਨਾ:** (ਰਕਮ ਕਰੋੜਾਂ ਵਿੱਚ)

| ਲੜੀ ਨੰ. | ਵੇਰਵੇ | **2013-14** | **2014-15** | **2015-16** |
|---|---|---|---|---|
| 1 | ਕੁੱਲ ਸਭਾਵਾਂ ਦੀ ਗਿਣਤੀ | 18130 | 17902 | 17687 |
| 2 | ਸਦੱਸਤਾ (ਹਜਾਰਾਂ ਵਿੱਚ ਅੰਕਿਤ) | 52.57 | 53.13 | 53.89 |
| 3 | ਕੁੱਲ ਸ਼ੇਅਰ ਪੂੰਜੀ | 1444.18 | 1479.05 | 1492.35 |
| 4 | ਸਰਕਾਰੀ ਸ਼ੇਅਰ ਪੂੰਜੀ | 156.11 | 179.46 | 178.45 |
| 5 | ਮਲਕੀਅਤ ਫੰਡ | 6267.09 | 6561.78 | 6626.46 |
| 6 | ਲਗੀ ਹੋਈ ਰਕਮ | 66403.40 | 67304.4 | 68609.55 |
| 7 | ਟਰਨਓਵਰ | 391537.5 | 445030.77 | 468444.78 |
| 8 | ਜਮ੍ਹਾਂ | 20007.8 | 17235.66 | 18214.23 |
| 9 | ਰੁਜ਼ਗਾਰ ਵਾਲੇ ਵਿਅਕਤੀਆਂ (ਨੰਬਰ) | 33410 | 32199 | 32098 |
| 10 | PICT ਦੁਆਰਾ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ (ਨੰਬਰ ) | 2694 | 2995 | 3554 |
| 11 | ਕਮੇਟੀ ਦੇ ਮੈਂਬਰਾਂ ਦੀ ਗਿਣਤੀ ਸਿੱਖੀਅਤ | 7117 | 17002 | 9953 |

5. **ਮੁਲਾਂਕਣ ਸਵੋਟ ਵਿਸ਼ਲੇਸ਼ਣ: (ਤਾਕਤ, ਕਮਜ਼ੋਰੀਆਂ, ਮੌਕੇ ਅਤੇ ਖਤਰੇ)**

ੳ) **ਵਿਭਾਗ ਨੂੰ ਮਹੱਤਵਪੂਰਨ ਚੁਣੌਤੀਆਂ:**

- **ਪੀ.ਏ.ਡੀ.ਬੀ ਰਿਕਵਰੀ**
  ਡਿਫਾਲਟਰ ਮੈਂਬਰਾਂ/ਕਿਸਾਨਾਂ ਦੀ ਗ੍ਰਿਫ਼ਤਾਰੀ ਤੇ ਪਾਬੰਦੀ।

- **ਨੁਕਸਾਨ ਵਿੱਚ ਪੈਕਸ**
  ਵਧੇਰੇ ਅਮਲਾ ਲਾਗਤ, ਘੱਟ ਵਪਾਰ ਅਤੇ ਘੱਟ ਰਿਕਵਰੀ, ਗਬਨ ਅਤੇ ਸਭਾਵਾਂ ਤੋਂ ਬੈਂਕ ਦੁਆਰਾ ਵਧੇਰੇ ਵਿਆਜ ਨੂੰ ਚਾਰਜ਼ ਕਰਨਾ।

**ਅ) ਵਿਭਾਗ ਵਿੱਚ ਮਹੱਤਵਪੂਰਨ ਅੰਦਰੂਨੀ ਅਤੇ ਬਾਹਰੀ ਤਾਕਤ ਅਤੇ ਮੌਕੇ**

- ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ (ਪੀ.ਐਸ.ਸੀ.ਬੀ) ਦੁਆਰਾ ਮੈਂਬਰਾਂ ਨੂੰ ਥੋੜੇ ਸਮੇਂ ਲਈ ਕਰਜਾ ਦਿੱਤਾ ਜਾਂਦਾ ਹੈ।
- ਪੰਜਾਬ ਸਟੇਟ ਐਗਰੀਕਲਚਰ ਡਿਵੈਲਪਮੈਂਟ ਬੈਂਕ (ਐਸ.ਏ.ਡੀ.ਬੀ) ਦੁਆਰਾ ਲੰਮੀ ਮਿਆਦ ਦੇ ਖੇਤੀ ਕਰਜ਼ੇ ਦਿੱਤੇ ਜਾਂਦੇ ਹਨ।
- ਵਿਭਾਗ ਵਲੋਂ ਮਾਰਕਫੈਡ ਅਤੇ ਇਫਕੋ ਰਾਹੀਂ ਡੀ.ਏ.ਪੀ, ਯੂਰੀਆ ਖਾਦ ਸਹਿਕਾਰੀ ਸਭਾਵਾਂ ਨੂੰ ਸਮੇਂ ਸਿਰ ਸਪਲਾਈ ਦੀ ਮੰਗ ਦਾ ਮੁਲਾਕਣ ਕਰਨਾਂ ਅਤੇ ਸਮੇਂ ਸਿਰ ਨੀਤੀ ਅਤੇ ਖੇਤੀ ਰਸਾਇਣਾਂ ਦੀ ਸਮੇਂ ਸਿਰ ਸਪਲਾਈ ਯਕੀਨੀ ਬਣਾਈ ਜਾਂਦੀ ਹੈ।

**ਸਬੰਧਤ ਗਤੀਵਿਧੀਆਂ ਰਾਹੀਂ ਮੈਂਬਰਾਂ ਦੀਆਂ ਆਰਥਕ ਰੁਤਬਾ ਵਧਾਉਣ ਲਈ।**

- ਵਿਭਾਗ ਮਿਲਕਫੈਡ ਦੁਆਰਾ ਮਿਲਕਫੈਡ ਦੇ ਵੱਖ ਵੱਖ ਮਾਪਦੰਡਾਂ ਅਧੀਨ ਦੁੱਧ ਦੀ ਵਿਕਰੀ ਰਾਹੀਂ ਆਮਦਨ ਵਧਾਉਣ ਦੇ ਨਾਲ ਨਾਲ ਆਪਣੇ ਮੈਂਬਰਾਂ ਦੀ ਆਰਥਿਕ ਸਥਿਤੀ ਉਠਾਉਦਾ ਹੈ।

**ਪੜਾਅਵਾਰ ਢੰਗ ਨਾਲ ਪੈਕਸ ਦੀ ਵਿੱਤੀ ਸਥਿਤੀ ਨੂੰ ਸੁਧਾਰਨਾ।**

- ਇਸ ਸਬੰਧ ਵਿੱਚ ਵਿਭਾਗ ਦੇ ਕੰਮ ਵਿੱਚ ਪੈਕਸ ਦੀ ਵਿੱਤੀ ਹਾਲਤ ਵਿੱਚ ਸੁਧਾਰ ਲਿਆਉਣਾ ਸ਼ਾਮਲ ਹੈ ਜਿਸ ਵਿੱਚ ਇਹਨਾਂ ਨੂੰ ਨੁਕਸਾਨ ਤੋਂ ਬਾਹਰ ਲਿਆਉਣਾ, ਨਵੇਂ ਐਗਰੋ-ਸਰਵਿਸ ਸੈਂਟਰ ਦੀ ਸਥਾਪਨਾ, ਮਸ਼ੀਨਾਂ ਦੇ ਬਦਲ/ ਅਪਗਰੇਡ ਦੇ ਰੂਪ ਵਿਚ ਮੌਜੂਦਾ ਐਗਰੋ ਸਰਵਿਸ ਸੈਂਟਰਾਂ ਨੂੰ ਮਜ਼ਬੂਤ ਕਰਨਾ ਜਿਸ ਨਾਲ ਐਗਰੋ ਸਰਵਿਸ ਸੈਂਟਰਾਂ ਦੀਆਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ ਆਉਣ ਨਾਲ ਨਤੀਜੇ ਵਿੱਚ ਵਾਧਾ ਹੋਵੇਗਾ।

**ਕੋ-ਆਪਰੇਟਿਵ ਵਿੱਚ ਪੇਸ਼ੇਵਰਾਨਾ ਪ੍ਰਬੰਧਨ ਅਤੇ ਤਕਨਾਲੋਜੀ ਦੇ ਇਸਤੇਮਾਲ ਨਾਲ ਮਨੁੱਖੀ ਸਰੋਤ ਨੂੰ ਵਿਕਸਿਤ ਕਰਨ ਲਈ:**

- ਪੀ.ਆਈ.ਸੀ.ਟੀ ਦੁਆਰਾ ਸਟਾਫ ਲਈ ਸਿਖਲਾਈ ਅਤੇ ਪੰਨਕੋਫੈਡ ਦੁਆਰਾ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਅਤੇ ਚੁਣੇ ਹੋਏ ਕਮੇਟੀ ਮੈਂਬਰਾਂ ਦੀ ਸਿਖਲਾਈ ਕੀਤੀ ਜਾਂਦੀ ਹੈ।
- ਵਿਭਾਗ ਆਪਣੇ ਅਪੈਕਸ ਫੈਡਰੇਸ਼ਨਾਂ ਵਿੱਚ ਕੰਪਿਊਟਰੀਕਰਨ ਲਾਗੂ ਕਰ ਰਿਹਾ ਹੈ, ਜਿਸ ਵਿੱਚ ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ (ਏਟੀਐਮ ਦੀ ਸਥਾਪਨਾ), ਐਸ.ਏ.ਡੀ.ਬੀ (ਪੀ.ਏ.ਡੀ.ਬੀਜ਼ ਕੰਪਿਊਟਰਾਈਜ਼ਡ ਕਰਨਾ) ਆਦਿ ਹਨ।

**ਮਹਿਲਾ ਸ਼ਕਤੀਕਰਣ:**

- ਵਿਭਾਗ ਪੈਕਸ ਵਿੱਚ "ਮਾਈਭਾਗੋ ਇਸਤਰੀ ਸ਼ਕਤੀ ਸਕੀਮ" ਅਧੀਨ ਆਪਣੀ ਮੈਂਬਰਸ਼ਿਪ, ਮਹਿਲਾ ਸਵੈ-ਸਹਾਇਤਾ ਸਮੂਹਾਂ ਦੀ ਸਥਾਪਨਾ, ਬੈਂਕਾਂ ਨਾਲ ਉਹਨਾਂ ਦੇ ਲਿੰਕੇਜ ਅਤੇ ਮਹਿਲਾਵਾਂ ਨੂੰ ਮਾਈਕਰੋ-ਫਾਈਨਾਂਸ ਪ੍ਰਦਾਨ ਕਰਨ ਦੇ ਨਾਲ ਪੀਏਸੀਐਸ ਦੇ ਮਹਿਲਾ ਮੈਂਬਰਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਪ੍ਰਦਾਨ ਕਰ ਰਿਹਾ ਹੈ ਅਤੇ ਇਸ ਲਈ ਸਥਾਪਿਤ ਕੀਤੇ ਛੋਟੇ ਉਦਯੋਗਾਂ ਨੂੰ ਸਥਾਪਿਤ ਕਰਨ ਵਿੱਚ ਵੀ ਮਦਦ ਕਰਦਾ ਹੈ।ਨਵੇਂ ਮਹਿਲਾ ਮਿਲਕ ਸਹਿਕਾਰੀ ਸਭਾਵਾਂ ਦੇ ਗਠਨ ਦੁਆਰਾ ਔਰਤਾਂ ਦੀ ਸ਼ਕਤੀਕਰਨ ਨੂੰ ਯਕੀਨੀ ਬਣਾਉਂਦਾ ਹੈ।

**ਸਹਿਕਾਰੀ ਸਭਾਵਾਂ ਦੇ ਮੈਂਬਰਾਂ ਲਈ ਹੈਲਥ ਕਵਰ ਦੀ ਵਿਵਸਥਾ ਕਰਨਾ:**

- ਵਿਭਾਗ ''**ਭਾਈ ਘੱਨਈਆ ਸੇਵਾ ਸਕੀਮ**'' ਦੇ ਤਹਿਤ ਇਸ ਮੰਤਵ ਨੂੰ ਅੱਗੇ ਵਧਾ ਰਿਹਾ ਹੈ ਅਤੇ ਸਹਿਕਾਰੀ ਸੋਸਾਇਟੀ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਿਹਤ ਬੀਮਾ ਯਕੀਨੀ ਬਣਾ ਰਿਹਾ ਹੈ।

**ਵਿਭਾਗ ਦੀਆਂ ਹੋਰ ਮਜ਼ਬੂਤੀਆਂ।**

- ਨਿਯਮ ਨੂੰ ਅਪੱਡੇਟ ਕਰਨਾ।
- ਦੂਜੀਆਂ ਸੰਸਥਾਵਾਂ ਨਾਲ ਸਹਿਯੋਗੀ ਸਹਿਕਾਰੀ ਗਤੀਵਿਧੀਆਂ।

- ਸਹਿਕਾਰੀ ਖੇਤਰ ਲਈ ਪ੍ਰੋਗਰਾਮਾਂ ਅਤੇ ਨੀਤੀਆਂ ਦੀ ਤਿਆਰੀ।
- ਡਾਟਾ ਇੱਕਠਾ ਕਰਨਾ ਅਤੇ ਸਹਿਕਾਰਤਾ ਅਤੇ ਸਹਿਕਾਰੀ ਅੰਦੋਲਨ ਦੀਆਂ ਰਿਪੋਰਟਾਂ ਦਾ ਪ੍ਰਕਾਸ਼ਨ।
- ਆਪਣੀਆਂ ਗਤੀਵਿਧੀਆਂ ਨੂੰ ਆਧੁਨਿਕੀਕਰਨ ਅਤੇ ਵਿੱਤੀ ਅਤੇ ਕਾਰਜਸ਼ੀਲ ਖੁਦਮੁਖਤਿਆਰੀ ਨੂੰ ਪ੍ਰਾਪਤ ਕਰਨ ਵਿੱਚ ਸਹਿਕਾਰੀ ਸਮਿਤੀਆਂ ਦੀ ਸਹਾਇਤਾ ਕਰਨਾ।

<u>ਸਾਲਾਨਾ ਪ੍ਰਸ਼ਾਸ਼ਕੀ ਰਿਪੋਰਟ</u>

**ੲ) ਸਰਵੇਖਣ, ਕਾਰਗੁਜ਼ਾਰੀ ਲਈ ਮਾਪਦੰਡ, ਅਤੇ ਤੁਹਾਡੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੋਂ ਮੁਲਾਂਕਣ ਮੈਟ੍ਰਿਕਸ ਦੇ ਨਤੀਜਿਆਂ ਦਾ ਸਾਰ ਪੇਸ਼ ਕਰੋ, ਵਿਭਾਕ ਦੇ ਕਾਰਜਾਂ ਲਈ ਢੁਕਵਾਂ ਡੇਟਾ ਸ਼ਾਮਲ ਕਰੋ, ਜਿਵੇਂ ਫੰਡਰੇਜ਼ਿੰਗ ਰੁਝਾਣ ਡੇਟਾ, ਬੈਂਚਮਾਰਕ ਜਾਂ ਹੋ ਤੁਲਨਾਤਮਕ ਡੇਟਾ ਆਦਿ।**

ਇਹ ਕਾਲਮ ਨੰਬਰ 3 (ੲ) ਵਿੱਚ ਦਰਜ ਹੈ:

**ਸ) ਆਪਣੇ ਵਿਭਾਗ ਵਿੱਚ ਪ੍ਰਕਿਰਿਆਵਾਂ ਅਤੇ ਪ੍ਰੋਗਰਾਮਾਂ ਨੂੰ ਬਿਹਤਰ ਬਣਾਉਣ ਲਈ ਵਿਸ਼ੇਸ਼ ਨਤੀਜਿਆਂ ਦਾ ਉਪਯੋਗ ਕਿਵੇਂ ਕੀਤਾ ਗਿਆ ਹੈ।**

ਪਿਛਲੇ ਸਾਲਾਂ ਵਿੱਚ ਵਿਭਾਗ ਦੀ ਕਾਰਗੁਜ਼ਾਰੀ ਦੇ ਵੱਖ ਵੱਖ ਮਾਪਦੰਡਾਂ ਦੀ ਤੁਲਨਾ ਕਰਕੇ ਉਹਨਾਂ ਦੇ ਸਪੈਸੀਫਿਕ ਨਤੀਜਿਆਂ ਨੂੰ ਹੇਠ ਲਿਖੇ ਅਨੁਸਾਰ ਵਰਤਿਆ ਗਿਆ ਹੈ:-

1. ਲਾਭਪਾਤਰੀਆਂ ਨੂੰ ਪੀ.ਐਸ.ਸੀ.ਬੀ ਅਤੇ ਐਸ.ਏ.ਡੀ.ਬੀ ਦੁਆਰਾ ਬੈਟਰ ਲੋਨਿੰਗ।
2. ਸਮੇਂ ਸਿਰ ਖਾਦ ਦੀ ਪਾਲਿਸੀ ਬਣਾਉਣ ਨਾਲ ਮੈਂਬਰਾਂ ਨੂੰ ਖਾਦ ਦੀ ਸਮੇਂ ਸਿਰ ਅਤੇ ਢੁਕਵੀਂ ਸਪਲਾਈ ਨੂੰ ਯਕੀਨੀ ਬਣਾਇਆ ਜਾਂਦਾ ਹੈ।
3. ਭਾਈ ਘਣਈਆ ਸਕੀਮ ਅਧੀਨ ਪੈਕਸ ਦੇ ਮੈਂਬਰਾਂ ਲਈ ਬਿਹਤਰ ਸਿਹਤ ਬੀਮਾ ਸੁਰੱਖਿਆ।
4. ਕਸਾਨਾਂ ਦੇ ਫਾਇਦੇ ਲਈ ਹੋਰ ਐਗਰੋ ਸਰਵਿਸ ਸੈਂਟਰ ਸਥਾਪਿਤ ਕਰਨਾ।
5. ਮਿਲਕਫੈਡ ਦੁਆਰਾ ਕਿਸਾਨਾਂ ਅਤੇ ਸੁਸਾਇਟੀ ਦੇ ਹੋਰ ਕਮਜ਼ੋਰ ਵਰਗਾਂ ਦੇ ਜੀਵਨ ਪੱਧਰ ਦੇ ਮਿਆਰ ਨੂੰ ਉੱਚਾ ਚੁੱਕਣਾ।
6. ਕੋਆਪ੍ਰੇਟਿਵ ਸੋਸਾਇਟੀਆਂ/ਵਿਭਾਗ ਦੇ ਮੈਂਬਰਾਂ ਅਤੇ ਕਰਮਚਾਰੀਆਂ ਨੂੰ ਵੱਖ-ਵੱਖ ਪਹਿਲੂਆਂ ਤੇ ਨਵੀਨਤਮ ਸਿਖਲਾਈ ਪ੍ਰਦਾਨ ਕਰਨ ਲਈ।

**6) ਨਵੇਂ ਵਿਕਾਸ ਅਤੇ ਕਾਰਜ਼ਾ ਲਈ ਸਿਫਾਰਸ਼ਾਂ**

ਅਗਲੇ ਤਿੰਨ ਸਾਲਾਂ ਲਈ ਵਿਉਤਕਾਰੀ ਯੋਜਨਾ ਦੇ ਟੀਚਿਆਂ, ਫੰਡਿੰਗ ਸ੍ਰੋਤਾਂ ਦੀ ਪਛਾਣ ਕੀਤੀ ਗਈ ਹੈ :-

| ਰਣਨੀਤਕ ਟੀਚਿਆਂ ਦੀ ਪਛਾਣ | ਬਜਟ ਫੰਡਿਗ ਦਾ ਸਰੋਤ | ਨਿਸਚਿਤ ਟਾਇਮਲਾਈਨ | | |
|---|---|---|---|---|
| | | **2016-17** | **2017-18** | **2018-19** |
| ਮੈਂਬਰਾਂ ਨੂੰ ਸਪਲਾਈ ਕੀਤੀ ਛੋਟੀ ਮਿਆਦ ਦੀ ਰਾਸ਼ੀ ਦੀ ਮਾਤਰਾ | ਪੀ.ਐਸ.ਸੀ.ਬੀ ਦੁਆਰਾ | 11000 ਕਰੋੜ | 9000 ਕਰੋੜ | 9000 ਕਰੋੜ |
| ਮੈਂਬਰਾਂ ਨੂੰ ਸਪਲਾਈ ਕੀਤੀ ਲੰਮੀ ਮਿਆਦ ਦੀ ਰਾਸ਼ੀ ਦੀ ਮਾਤਰਾ | ਐਸ.ਏ.ਡੀ.ਬੀ ਦੁਆਰਾ | 488 ਕਰੋੜ | 300 ਕਰੋੜ | 470 ਕਰੋੜ. |
| ਪੈਕਸ ਦੇ ਮੈਂਬਰਾਂ ਨੂੰ ਖਾਦ ਦੀ ਸਪਲਾਈ ਵਿੱਚ ਸਹਿਕਾਰਤਾ ਦਾ ਹਿੱਸਾ। | ਮਾਰਕਫੈਡ ਅਤੇ ਇਫਕੋ ਦੁਆਰਾ | 50% | 50% | 50% |

**ਅਪੈਂਡਿਕਸ**

ਨਿਲ।